ਅਕਤੂਬਰ 1988
ਮੁੱਲ–ਦੋ ਰੁਪਏ
101

ਸੰਪਾਦਕੀ :

## ਪੰਜਾਬ ਵਿਚ ਜੰਗਬੰਦੀ ਲਈ ਲੋਕਰਾਏ ਲਾਮਬੰਦ ਕਰੋ

ਜਦੋਂ ਕੋਈ ਐਸੀ ਮੁਸੀਬਤ ਆ ਪਏ, ਜਿਸਦਾ ਜ਼ਾਹਰਾ ਤੌਰ ਤੇ ਕੋਈ ਹੱਲ ਨਾ ਦਿਸਦਾ ਹੋਵੇ ਤਾਂ ਫੇਰ ਕੁਝ ਹੰਗਾਮੀ ਕਾਰਵਾਈ ਕਰਨੀ ਪੈਂਦੀ ਹੈ, ਜੋ ਗਿਣੀਆਂ ਮਿਥੀਆਂ ਕਾਰਵਾਈਆਂ ਤੋਂ ਵੱਖ ਹੁੰਦੀ ਹੈ। ਪੰਜਾਬ ਦੇ ਲੋਕਾਂ ਉਤੇ ਇਕ ਐਸੀ ਹੀ ਮੁਸੀਬਤ ਆਈ ਹੋਈ ਹੈ, ਜਿਸਦਾ ਜ਼ਾਹਰਾ ਤੌਰ ਤੇ ਕੋਈ ਹੱਲ ਨਹੀਂ ਦਿਸਦਾ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਪੰਜਾਬ ਆਏ ਤੇ ਫੇਰ ਚਲੇ ਗਏ। ਇਕ ਕਾਰਖਾਨੇ ਦੀ ਨੀਂਹ ਪੱਥਰ ਰੱਖ ਗਏ। ਉਹ ਨੀਂਹ ਪੱਥਰ ਵੀ ਮਹਿਕਮੇ ਨੂੰ ਵਾਪਸ ਹੀ ਚੁੱਕਕੇ ਲਿਆਉਣਾ ਪਿਆ ਤਾਂ ਜੋ ਕਿਸੇ ਪੁਲਸ ਥਾਨੇ ਵਿਚ ਉਹਦੀ ਸੰਭਾਲ ਹੋ ਸਕੇ। ਡਰ ਸੀ ਕਿ ਕੋਈ ਅਤਿਵਾਦੀ ਉਹਨੂੰ ਚੁੱਕਕੇ ਹੀ ਨਾ ਲੈ ਜਾਏ। ਪ੍ਰਧਾਨ ਮੰਤਰੀ ਨੇ ਪੱਗ ਜਿਹੀ ਸਿਰ ਤੇ ਰੱਖਕੇ ਪੰਜਾਬੀਆਂ ਦੀ ਰਸਮੀ ਤਾਰੀਫ ਕਰ ਦਿੱਤੀ ਕਿ ਉਹ ਬੜੇ ਬਹਾਦੁਰ ਹੁੰਦੇ ਹਨ। ਵਿਰੋਧੀ ਪਾਰਟੀਆਂ ਦੀ ਤਾਰੀਫ ਕਰ ਦਿੱਤੀ ਕਿ ਉਹ ਅਤਿਵਾਦ ਵਿਰੁਧ ਲੜ ਕੇ ਸ਼ਹੀਦੀਆਂ ਪਾ ਰਹੇ ਹਨ। ਉਹਨਾਂ ਦੇ ਮਨ ਉਤੇ ਇਕ ਦਿਨ ਪਹਿਲੇ ਹੋਈ ਭਾਰਤੀ ਜੰਤਾ ਪਾਰਟੀ ਦੇ ਆਗੂ ਹਿੱਤ ਅਭਿਲਾਸ਼ੀ ਦੀ ਹੱਤਿਆ ਸੀ। 52 ਮਹੀਨਿਆਂ ਦੀ ਕੈਦ ਦੇ ਬਾਅਦ ਕੁਝ ਜੋਧਪੁਰ ਦੇ ਕੈਦੀ ਵੀ ਰਿਹਾ ਕਰ ਦਿੱਤੇ ਗਏ। ਉਨ੍ਹਾਂ ਵਿਚ ਹੁਣ ਕੁਝ ਮਾਨਸਕ ਰੋਗੀ ਹਨ ਤੇ ਬਹੁਤੇ ਤੇਜ਼ ਮਿਰਚਾਂ ਵਾਲੀ ਖੁਰਾਕ ਖਾਣ ਕਰਕੇ ਪੀਲੀਆਂ ਅਤੇ ਬਵਾਸੀਰ ਦੇ ਰੋਗੀ ਹਨ। ਪਰਧਾਨ ਮੰਤਰੀ ਦੇ ਜਾਣ ਤੋਂ ਬਾਅਦ ਜੇਕਰ ਮੁਲਅੰਕਨ ਕੀਤਾ ਜਾਏ ਤਾਂ ਪੰਜਾਬ ਦੇ ਮਸਲੇ ਜਾਂ ਕਹਿ ਲਵੋ ਪੰਜਾਬ ਦੇ ਸਾਧਾਰਨ ਲੋਕਾਂ ਦੀ ਮੁਸੀਬਤ ਉਥੇ ਦੀ ਉਥੇ ਖੜੀ ਹੈ। ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਸਲਾਹ ਮਸ਼ਵਰੇ ਲਈ ਬੁਲਾਇਆ ਜਾਏਗਾ। ਇਹਦੀ ਕੋਈ ਗਰੰਟੀ ਨਹੀਂ ਕਿ ਇਹ ਸਲਾਹ ਮਸ਼ਵਰਾ ਮੰਨਿਆ ਵੀ ਜਾਏਗਾ ਕਿ ਨਹੀਂ ? ਪ੍ਰਧਾਨ ਮੰਤਰੀ ਨੇ ਪੰਜਾਬ ਦੇ ਲੋਕਾਂ ਨੂੰ ਇਹ ਵੀ ਵਧਾਈ ਦਿੱਤੀ ਕਿ ਉਹ ਅਤਿਵਾਦ ਵਿਰੁਧ ਬਹਾਦਰੀ ਨਾਲ ਲੜ ਰਹੇ ਹਨ। ਉਹ ਤਾਂ ਲੜ ਹੀ ਰਹੇ ਨੇ ਤੇ ਮਰ ਵੀ ਰਹੇ ਨੇ, ਸਵਾਲ ਇਹ ਪੈਦਾ ਹੁੰਦਾ ਹੈ ਕਿ ਤੁਸੀਂ ਕੀ ਕਰ ਰਹੇ ਹੋ ? ਜਾਂ ਕੀ ਕਰਨਾ ਚਾਹੁੰਦੇ ਹੋ ? ਇਹ ਸ਼ਬਦ ਤਾਂ ਕਾਫ਼ੀ ਨਹੀਂ ਕਿ ਸਾਡੀ ਸਰਕਾਰ ਉਸ ਵੇਲੇ ਤੱਕ ਲੜਦੀ ਰਹੇਗੀ ਜਦੋਂ ਤੱਕ ਅਤਿਵਾਦ ਖ਼ਤਮ ਨਹੀਂ ਹੁੰਦਾ।

ਅਸਲੀਅਤ ਇਹ ਹੈ ਕਿ ਇਸ ਵੇਲੇ ਜੰਗ ਦੋ ਹੀ ਧਿਰਾਂ ਕਰ ਰਹੀਆਂ ਹਨ। ਇਕ ਸਰਕਾਰ ਅਤੇ ਇਕ ਖਾਲਿਸਤਾਨੀ। ਦੋਨਾਂ ਦੀ ਮਾਰਧਾੜ ਅਤੇ ਦਹਿਸ਼ਤਗਰਦੀ ਤੋਂ ਪੰਜਾਬ ਦੇ ਲੋਕ ਦੁੱਖੀ ਨੇ ਜਾਂ ਕਹਿ ਲਵੋ ਬਹੁਤ ਹੀ ਦੁੱਖੀ ਨੇ। ਬਗੈਰ ਕੋਈ ਬਹਿਸ ਪਏ ਲੋਕਰਾਏ ਇਸ ਮੁੱਦੇ ਉਤੇ ਲਾਮਬੰਦ ਕੀਤੀ ਜਾਏ ਕਿ ਦੋਨੋਂ ਧਿਰਾਂ ਇਕ ਮਿਥੀ ਹੋਈ ਤਾਰੀਖ ਤੇ ਜੰਗਬੰਦੀ ਦਾ ਐਲਾਨ ਕਰਨ। ਸਰਕਾਰ ਸਮੇਤ ਅਤਿਵਾਦੀਆਂ ਦੇ ਸਾਰੀਆਂ ਸਿੱਖ ਅਤੇ ਹਿੰਦੂ ਧਿਰਾਂ ਨੂੰ ਇਕ ਵਿਸ਼ੇਸ਼ ਵੱਕਤ ਤੇ ਇਕ ਵਿਸ਼ੇਸ਼ ਥਾਂ ਤੇ ਇਕੱਠਾ ਹੋਣ ਲਈ ਸੱਦਾ ਦੇਵੇ। ਨੈਸ਼ਨਲ ਪੱਧਰ ਤੇ ਸਨਮਾਨੇ ਹੋਏ ਲੋਕਾਂ ਦੀ ਹਾਜ਼ਰੀ ਹੋਵੇ ਤੇ ਟੈਲੀਵੀਯਨ ਦਾ ਕੈਮਰਾ ਉਹਨਾਂ ਉਤੇ ਫੋਕਸ ਹੋਵੇ। ਅੱਧੀ ਰਾਤ ਵਾਲੇ ਸਮਝੌਤੇ ਨਾ ਹੋਣ, ਸਿਮਰਨਜੀਤ ਮਾਨ, ਬਾਦਲ, ਟੌਹੜਾ, ਬਰਨਾਲਾ, ਚੰਦਰ ਸ਼ੇਖਰ, ਹਰਕਿਸ਼ਨ ਸਿੰਘ, ਸੁਰਜੀਤ, ਮਲਹੋਤਰਾ, ਜਨਰਲ ਅਰੋੜਾ, ਬਾਲਥਾਕਰੇ, ਰਾਗੀ, ਮਾਨੋਚਾਹਲ ਸਭ ਨੂੰ ਸੱਦਾ ਹੋਵੇ। ਪੰਜਾਬ ਦੀਆਂ ਕੁਝ ਸਨਮਾਨੀਆਂ ਹੋਈਆਂ ਸਿੱਖ ਅਤੇ ਹਿੰਦੂ ਹਸਤੀਆਂ ਵੀ ਉਥੇ ਹੋਣ। ਕੁਝ ਗੱਲ ਤਾਂ ਅੱਗੇ ਚਲੇ, ਇਕ ਦੂਜੇ ਦਾ ਪਤਾ ਤਾਂ ਲੱਗੇ। ਜਿਥੇ ਇਹ ਮੀਟਿੰਗ ਹੋਵੇ ਉਥੇ ਬਾਹਰ ਲੱਖਾਂ ਲੋਕਾਂ ਦੀ ਲਾਮਬੰਦੀ ਹੋਵੇ ਜੋ ਅਮਨ ਤੇ ਸ਼ਾਂਤੀ ਦੀ ਮੰਗ ਕਰ ਰਹੇ ਹੋਣ ਕਿ ਸਾਨੂੰ ਜੀਣ ਦਾ ਹੱਕ ਚਾਹੀਦਾ ਹੈ। ਚੰਡੀਗੜ੍ਹ, ਦਰਿਆਵਾਂ ਦੇ ਪਾਣੀ, ਹਿੰਦੀ ਪੰਜਾਬ ਦੇ ਝਗੜੇ, ਜੀਣ ਦੇ ਹੱਕ ਦੇ ਮੁਕਾਬਲੇ ਵਿਚ ਬੜੀਆਂ ਨਿਗੂਣੀਆਂ ਗੱਲਾਂ ਹਨ।

ਅੱਜ ਦੇ ਆਪਾਧਾਪੀ ਦੇ ਸਮੇਂ ਵਿਚ ਇਹੋ ਜਿਹੀਆਂ ਗੱਲਾਂ ਆਦਰਸ਼ਕ ਕਿਸਮ ਦੇ ਸੁਪਨੇ ਲੱਗਦੇ ਨੇ ਪਰ ਇਤਿਹਾਸ ਗਵਾਹੀ ਦੇਂਦਾ ਹੈ ਕਿ ਕੁਝ ਲੋਕ ਪਹਿਲੇ ਆਦਰਸ਼ਕ ਸੁਪਨੇ ਹੀ ਲੈਂਦੇ ਹਨ ਤੇ ਫ਼ੇਰ ਕਾਰਵਾਈ ਕਰਕੇ ਉਹਨਾਂ ਸੁਪਨਿਆਂ ਨੂੰ ਪੂਰਾ ਕਰਨ ਦਾ ਕਾਰਜ ਵਿਢਦੇ ਹਨ। **ਲੋਕ ਰਾਏ ਗੱਲਬਾਤ ਰਾਹੀਂ ਮਸਲਾ ਹੱਲ ਕਰਨ ਲਈ ਲਾਮਬੰਦ ਕੀਤੀ ਜਾਏ। ਗੋਲੀ ਅਤੇ ਮੋੜਵੀਂ ਗੋਲੀ ਕਿਸੇ ਮਸਲੇ ਦਾ ਹੱਲ ਨਹੀਂ।**/ਗੁਰਸ਼ਰਨ ਸਿੰਘ

---

## ਸੰਪਾਦਕੀ ਟਿਪਣੀਆਂ :

**੦ ਪਾਰਲੀਮੈਨੀ ਵਿਰੋਧਤਾ ਅਤੇ ਇਨਕਲਾਬੀ ਵਿਰੋਧਤਾ :** ਜਿਸ ਸਮਾਜ ਵਿਚ ਅਸੀਂ ਜੀ ਰਹੇ ਹਾਂ, ਇਹ ਪੂਰੀ ਤਰ੍ਹਾਂ ਸੰਕਟ ਵਿਚ ਹੈ। ਬਾਹਰਾ ਤੌਰ ਤੇ ਤਰੱਕੀ ਦਿਸਦੀ ਹੈ। ਵਡੇ ਵਡੇ ਕਾਰਖਾਨੇ, ਹਸਪਤਾਲ, ਡੈਮ, ਇੰਸਟੀਚੂਟ, ਯੂਨੀਵਰਸਿਟੀ ਆਦਿਕ ਹੋਂਦ ਵਿਚ ਆ ਗਈਆਂ ਹਨ। ਭਾਰਤ ਦੇ ਕਈ ਡਾਕਟਰ, ਸਾਇੰਸ-ਦਾਨ, ਖੇਤੀ ਮਾਹਿਰ ਦੁਨੀਆ ਦੇ ਚੋਟੀ ਦੇ ਮਾਹਿਰਾਂ ਵਿਚ ਗਿਣੇ ਜਾ ਸਕਦੇ ਹਨ। ਫੇਰ ਸੰਕਟ ਕਿਸ ਗੱਲ ਦਾ ਹੈ? ਸਾਧਾਰਨ ਬੋਲੀ ਵਿਚ ਜੇਕਰ ਗੱਲ ਸਮਝਾਣੀ ਹੋਏ ਤਾਂ ਇਹ ਸੰਕਟ ਸਮਾਜਕ ਬੇਇਨਸਾਫ਼ੀ ਦਾ ਹੈ। ਅਮੀਰ ਤੇ ਗ਼ਰੀਬ ਦੇ ਦਰਮਿਆਨੀ ਪੱਪੇ ਦਾ ਹੈ। ਜਿਨ੍ਹਾਂ ਕੋਲ ਸਾਧਨ ਹਨ, ਉਹ ਹਰ ਮੁਸ਼ਕਲ ਹੱਲ ਕਰ ਲੈਂਦੇ ਹਨ ਭਾਵੇਂ ਉਹ ਬੇਰੁਜ਼ਗਾਰੀ ਦੀ ਹੋਵੇ, ਭਾਵੇਂ ਬਿਮਾਰੀ ਦੀ ਹੋਵੇ ਜਾਂ ਕਿਸੇ ਹੋਰ ਥੁੜ ਦੀ ਹੋਵੇ। ਇਸ ਸਾਰੇ ਵਰਤਾਰੇ ਦੀ ਵਿਰੋਧਤਾ ਪੂਰੀ ਤਰ੍ਹਾਂ ਲੋਕਾਂ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਪਰ ਇਹ ਵਿਰੋਧਤਾ ਕਿਸ ਪੈਂਤੜੇ ਤੋਂ ਹੋਵੇ ਤੇ ਇਸ ਵਰਤਾਰੇ ਦਾ ਬਦਲ ਕੀ ਹੋਵੇ, ਇਸ ਬਾਰੇ ਸਾਫ਼ ਹੋਣਾ ਅਤੇ ਆਪਣੀ ਰਾਏ ਬਨਾਣਾ ਜ਼ਰੂਰੀ ਹੈ।

ਵਿਰੋਧਤਾ ਦੇ ਕਈ ਰੂਪ ਹਨ। ਇਕ ਰੂਪ ਉਹ ਹੈ ਜੋ ਪਾਰਲੀਮੈਨੀ ਵਿਰੋਧੀ ਪਾਰਟੀਆਂ ਅਪਣਾਉਂਦੀਆਂ ਹਨ। ਇਸ ਵਿਰੋਧਤਾ ਦਾ ਨਿਸ਼ਾਨਾ ਹੈ ਕਿ ਜਿਹੜੇ ਲੋਕ ਸੱਤਾ ਚਲਾ ਰਹੇ ਹਨ, ਉਹ ਬੇਈਮਾਨ ਹਨ, ਭ੍ਰਿਸ਼ਟਾਚਾਰੀ ਹਨ। ਇਸ ਕਰਕੇ ਇਹਨਾਂ ਦੀ ਥਾਂ ਉਹ ਆਪ ਜੇਕਰ ਕੁਰਸੀ ਤੇ ਬੈਠਣਗੇ ਤਾਂ ਉਹ ਲੋਕਾਂ ਦੀ ਵੱਧ ਸੇਵਾ ਕਰ ਸਕਣਗੇ। ਦੇਵੀ ਲਾਲ ਰਾਮਾ ਰਾਓ ਆਦਿਕ ਵਿਰੋਧਤਾ ਦੀ ਇਸ ਸ਼੍ਰੇਣੀ ਵਿਚ ਆਂਦੇ ਹਨ। ਇਹਨਾਂ ਦਾ ਰੀਕਾਰਡ ਦੱਸਦਾ ਹੈ ਕਿ ਇਸ ਵਿਰੋਧਤਾ ਵਿਚ ਕੋਈ ਸਾਰਥਕਤਾ ਨਹੀਂ ਕਿਉਂਕਿ ਇਹਨਾਂ ਕੋਲ ਕੋਈ ਨਵਾਂ ਪ੍ਰੋਗਰਾਮ ਨਹੀਂ ਜੋ ਸਮਾਜਕ ਬੇਇਨਸਾਫ਼ੀ ਨੂੰ ਦੂਰ ਕਰੇ ਇਹ ਸਿਰਫ ਹੁਣ ਦੇ ਸੱਤਾਧਾਰੀਆਂ ਤੋਂ ਵੱਧ ਜਾਂ ਘੱਟ ਇਮਾਨਦਾਰ ਜਾਂ ਬੇਈਮਾਨ ਹੋ ਸਕਦੇ ਹਨ। ਵਿਰੋਧਤਾ ਦਾ ਇਕ ਹੋਰ ਰੂਪ ਹੈ ਜੋ ਪਾਰਲੀਮੈਨੀ ਕਮਿਊਨਿਸਟ ਪਾਰਟੀਆਂ ਪੇਸ਼ ਕਰਦੀਆਂ ਹਨ। ਇਸ ਵਿਰੋਧਤਾ ਦਾ ਬਾਕਾਇਦਾ ਪ੍ਰੋਗਰਾਮ ਹੈ ਜੋ ਸਮਾਜਕ ਬੇਇਨਸਾਫ਼ੀ ਨੂੰ ਦੂਰ ਕਰਨ ਦਾ ਆਪਣਾ ਨਿਸ਼ਾਨਾ ਜ਼ਰੂਰ ਰੱਖਦੀ ਹੈ। ਬੰਗਾਲ ਵਿਚ ਕਮਿਊਨਿਸਟਾਂ ਨੂੰ ਇਕ ਲੰਮੇ ਅਰਸੇ ਤੱਕ ਸਰਕਾਰ ਚਲਾਉਣ ਦਾ ਮੌਕਾ ਮਿਲਿਆ ਹੈ। ਜ਼ਮੀਨੀ ਸੁਧਾਰ ਦਾ ਪ੍ਰੋਗਰਾਮ ਲੈ ਕੇ ਕਮਿਊਨਿਸਟਾਂ ਨੇ ਥੋੜ੍ਹ ਗਰੀਬ ਲਈ ਲਾਹੇਵੰਦ ਪ੍ਰੋਗਰਾਮ ਵੀ ਚਲਾਏ ਹਨ ਪਰ ਇਸ ਵਰਤਾਰੇ ਨੂੰ ਬੁਨਿਆਦੀ ਤੌਰ ਤੇ ਬਦਲਾਉਣ ਲਈ ਲੋੜੀਂਦੀ ਭੂਮਿਕਾ ਇਹ ਕਮਿਊਨਿਸਟ ਵੀ ਨਹੀਂ ਨਿਭਾ ਸਕੇ ਤੇ ਇਹ ਗੱਲ ਬਹੁਤ ਹੱਦ ਤਕ ਇਹਨਾਂ ਨੂੰ ਆਪ ਵੀ ਮੰਨਣੀ ਪੈ ਰਹੀ ਹੈ। ਖੱਬੀ ਸੋਚ ਦੇ ਜਿਹੜੇ ਧਾਰਨੀ ਹਨ ਉਹਨਾਂ ਨੂੰ ਇਸ ਮਾਰਕਸੀ ਸਚਾਈ ਦਾ ਪੂਰੀ ਤਰ੍ਹਾਂ ਅਹਿਸਾਸ ਹੋ ਚੁੱਕਿਆ ਹੈ ਕਿ ਇਸ ਵਰਤਾਰੇ ਵਿਚ ਬੁਨਿਆਦੀ ਤਬਦੀਲੀਆਂ ਕੀਤੇ ਬਗ਼ੈਰ ਸਮਾਜਕ ਬੇ-ਇਨਸਾਫ਼ੀ ਨਹੀਂ ਦੂਰ ਕੀਤੀ ਜਾ ਸਕਦੀ। ਇਹ **ਅਹਿਸਾਸ ਸਾਧਾਰਨ ਲੋਕਾਂ ਤਕ ਕਿਸਤਰ੍ਹਾਂ ਪੁਚਾ-ਇਆ ਜਾਏ ਇਹ ਸਵਾਲ ਹੁਣੇ ਸਾਡੇ ਸਾਹਮਣੇ ਖੜਾ ਹੈ।** ਇਸ ਬਾਰੇ ਕਮਿਊਨਿਸਟ ਇਨਕਲਾਬੀਆਂ ਵਿਚ ਵੀ ਦੋ ਧਾਰਨਾਵਾਂ ਚੱਲ ਰਹੀਆਂ ਹਨ। ਇਕ ਧਾਰਨਾ ਹੈ ਕਿ ਮੌਜੂਦਾ ਵਰਤਾਰੇ ਵਿਚ ਵਿਚਰਦੇ ਹੋਏ ਇਨਕਲਾਬੀ ਵਿਰੋਧਤਾ ਦੀ ਭੂਮਿਕਾ ਨਿਭਾਈ ਜਾਏ ਅਤੇ ਲੋਕਾਂ ਦੀ ਲਾਮਬੰਦੀ ਇਸ ਵਰਤਾਰੇ ਦੇ ਵਿਰੁਧ ਕੀਤੀ ਜਾਏ। ਭਾਵ ਪੰਚੈਤਾਂ, ਸੰਮਤੀਆਂ, ਅਸੈਂਬਲੀਆਂ, ਪਾਰਲੀ-ਮੈਂਟ ਆਦਿਕ ਜਿਹੜੇ ਕਿ ਆਪਣੀ ਜਮਹੂਰੀ ਦਿੱਖ ਨੂੰ ਕਾਇਮ ਰੱਖਣ ਲਈ ਇਸ ਵਰਤਾਰੇ ਜਾਂ ਸਿਸਟਮ ਦੀਆਂ ਮਜ਼ਬੂਰੀਆਂ ਹਨ, ਉਹਨਾਂ ਨੂੰ ਪੂਰੀ ਤਰ੍ਹਾਂ ਵਰਤਿਆ ਜਾਏ ਜਾਂ ਕਮਅਜ਼ਕਮ ਉਹਨਾਂ ਵਿਚ ਆਪਣੀ ਦ੍ਰਿਸ਼ਟੀ ਅਨੁਸਾਰ ਦਖ਼ਲਅੰਦਾਜ਼ੀ ਕੀਤੀ ਜਾਏ। ਦੂਜੀ ਧਾਰਨਾ ਬਾਈਕਾਟ ਦੀ ਧਾਰਨਾ ਹੈ। ਇਸ ਧਾਰਨਾ ਦੇ ਸਮਰਥਕ ਕਮਿਊਨਿਸਟ ਇਨਕਲਾਬੀਆਂ ਦਾ ਕਹਿਣਾ ਹੈ ਕਿ ਸੰਕਟ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਅਤੇ ਇਹਦੇ ਵਾਸਤੇ ਇਕ ਹਥਿਆਰਬੰਦ ਇਨਕਲਾਬ ਤੋਂ ਬਿਨਾਂ ਕੋਈ ਵਿਚਲਾ ਰਾਹ ਨਹੀਂ। ਉਹਨਾਂ ਦਾ ਖਿਆਲ ਹੈ ਕਿ ਵਰਤਾਰੇ ਵਿਚ ਵਿਚਰਕੇ ਲੋਕਾਂ ਦੀ ਇਨਕਲਾਬੀ ਤਬਦੀਲੀਆਂ ਲਈ ਲਾਮਬੰਦੀ ਕਰਨਾ ਸਮਾਂ ਜ਼ਾਇਆ ਕਰਨ ਦੀ ਗੱਲ ਹੈ ਤੇ ਇਹ ਮੌਕਾਪ੍ਰਸਤੀ ਦੀ ਖੱਡ ਵਿਚ ਤਿਲਕਨਾ

ਹੋਵੇਗਾ।

ਉਪਰ ਦੱਸੇ ਚਾਰੇ ਰਾਹਾਂ ਵਿਚੋਂ ਭਾਵ ਪਾਰਲੀਮੈਨੀ ਗੈਰ ਕਮਿਊਨਿਸਟ ਵਿਰੋਧਤਾ, ਪਾਰਲੀਮੈਨੀ ਕਮਿਊਨਿਸਟ ਵਿਰੋਧਤਾ; ਵਰਤਾਰੇ ਵਿਚ ਵਿਚਰਦੇ ਇਨਕਲਾਬੀ ਵਿਰੋਧਤਾ ਅਤੇ ਵਰਤਾਰੇ ਦੇ ਮੁਕੰਮਲ ਬਾਈਕਾਟ ਰਾਹੀਂ ਇਨਕਲਾਬੀ ਲਾਮਬੰਦੀ ਵਿਚੋਂ ਇਕ ਰਾਹ ਸਪੱਸ਼ਟ ਤੌਰ ਤੇ ਚੁਣਕੇ ਸਿਆਸੀ ਸਰਗਰਮੀਆਂ ਵਿਢਣੀਆਂ ਚਾਹੀਦੀਆਂ ਹਨ। ਬਾਕੀਆਂ ਨੇ ਤਾਂ ਆਪਣੇ ਰਾਹ ਚੁਣੇ ਹੀ ਹੋਏ ਹਨ; ਸਿਰਫ ਕਮਿਊਨਿਸਟ ਇਨਕਲਾਬੀਆਂ ਵਿਚ ਤੀਜੇ ਅਤੇ ਚੌਥੇ ਰਾਹ ਦੇ ਬਾਰੇ ਵਿਚਾਰਧਾਰਕ ਫਰਕ ਹਨ। ਮੇਰੇ ਆਪਣੇ ਵਿਚਾਰ ਅਨੁਸਾਰ ਸਾਨੂੰ ਸਿਆਣਪ ਅਤੇ ਦ੍ਰਿੜਤਾ ਨਾਲ ਤੀਜੇ ਰਾਹ ਤੇ ਚਲਣਾ ਚਾਹੀਦਾ ਹੈ। ਭਾਰਤ ਦੇ ਕਰੋੜਾਂ ਲੋਕਾਂ ਦਾ ਅੱਜ ਦੇ ਹਾਲਾਤ ਵਿਚ ਇਸ ਤਰ੍ਹਾਂ ਹੀ ਭਲਾ ਹੋ ਸਕਦਾ ਹੈ। ਬਾਈਕਾਟ ਵਾਲਾ ਚੌਥਾ ਰਾਹ ਲੋਕ ਲਾਮਬੰਦੀ ਲਈ ਕੋਈ ਨਤੀਜਾ ਨਹੀਂ ਕੱਢ ਸਕੇਗਾ। ਤੀਜੇ ਰਾਹ ਲਈ ਸਿਆਣਪਤਾ ਤੇ ਦ੍ਰਿੜਤਾ ਦੇ ਸ਼ਬਦ ਇਸ ਲਈ ਵਰਤੇ ਹਨ ਕਿ ਕਿਸੇ ਅਦਾਰੇ ਵਿਚ ਸਿਰਫ ਦਿਲਚਸਪੀ ਰਖਣੀ ਜਾਂ ਸਿਰਫ ਦਖਲਅੰਦਾਜ਼ੀ ਕਰਨੀ ਜਾਂ ਬਕਾਇਦਾ ਹਿੱਸਾ ਲੈਣਾ ਹੈ, ਇਹ ਹਾਲਤ ਦੇ ਅਨੁਸਾਰ, ਸਾਡੀ ਸਿਆਸੀ ਸਿਆਣਪਤਾ ਤੇ ਨਿਰਭਰ ਹੈ। ਦ੍ਰਿੜਤਾ ਸ਼ਬਦ ਇਸ ਲਈ ਵਰਤਿਆ ਹੈ ਕਿ ਇਹ ਕਦੀ ਵੀ ਨਹੀਂ ਭੁਲਣਾ ਕਿ ਇਸ ਸਿਸਟਮ ਵਿਚ ਬੁਨਿਆਦੀ ਤਬਦੀਲੀ ਲਿਆਏ ਬਗੈਰ ਸਮਾਜਕ ਇਨਸਾਫ ਨਹੀਂ ਲਿਆਇਆ ਜਾ ਸਕਦਾ।

**○ ਪ੍ਰੈਸ ਪ੍ਰੈਸਮਾਨਹਾਨੀ ਬਿੱਲ ਅਤੇ ਪ੍ਰੈਸ ਲਾਮਬੰਦੀ**

ਪ੍ਰੈਸ ਦੀ ਲਾਮਬੰਦੀ ਕਰਕੇ ਇਕ ਕਾਲਾ ਬਿਲ ਪ੍ਰੈਸਮਾਨਹਾਨੀ ਬਿਲ ਸਰਕਾਰ ਵਲੋਂ ਵਾਪਸ ਲੈ ਲਿਆ ਗਿਆ ਹੈ। ਪ੍ਰੈਸ ਦੀ ਇਹ ਜਿੱਤ ਪ੍ਰੈਸ ਲਈ ਵੀ ਅਤੇ ਲੋਕਾਂ ਲਈ ਵੀ ਇਕ ਫਖ਼ਰ ਵਾਲੀ ਗੱਲ ਹੈ ਕਿਉਂਕਿ ਜੇਕਰ ਇਹ ਬਿੱਲ ਪਾਸ ਹੋ ਜਾਂਦਾ ਤਾਂ ਲੋਕਾਂ ਕੋਲ ਆਪਣੇ ਦੁੱਖ ਕਿਸੇ ਅੱਗੇ ਰੋਣ ਦਾ ਇਕੋ ਇਕ ਸਾਧਨ ਵੀ ਖੁੱਸ ਜਾਣਾ ਸੀ। ਉਂਝ ਪ੍ਰੈਸਮਾਨਹਾਨੀ ਬਿੱਲ ਦੇ ਵਿਰੁਧ ਪ੍ਰੈਸ ਨੇ ਜਿਸ ਤਰ੍ਹਾਂ ਲਾਮਬੰਦੀ ਕੀਤੀ ਹੈ, ਇਸੇ ਤਰ੍ਹਾਂ ਉਹ ਸਾਧਾਰਨ ਲੋਕਾਂ ਦੇ ਜਮਹੂਰੀ ਹੱਕਾਂ ਉਤੇ ਜਿਹੜੇ ਪਿਛਲੇ ਸਾਲਾਂ ਵਿਚ ਛਾਪੇ ਹਨ, ਆਪਣੀ ਭੂਮਿਕਾ ਨਿਭਾਉਂਦਾ ਤਾਂ ਬਹੁਤ ਸਾਰੇ ਕਾਲੇ ਬਿਲ ਪਾਸ ਨਹੀਂ ਸਨ ਹੋ ਸਕਦੇ। ਬਹੁਤ ਵਾਰੀ ਤਾਂ ਖਬਰਾਂ ਲਗਾਉਣ ਤੋਂ ਵੀ ਸੰਕੋਚ ਕੀਤਾ ਜਾਂਦਾ ਹੈ। ਕੇ.ਪੀ.ਐਸ. ਗਿਲ ਬਨਾਮ ਸ਼੍ਰੀਮਤੀ ਬਜਾਜ ਦੇ ਕੇਸ ਵਿਚ ਪ੍ਰੈਸ ਨੇ ਆਪਣੀ ਲੋੜੀਂਦੀ ਭੂਮਿਕਾ ਨਹੀਂ ਨਿਭਾਈ। ਇਸ ਸਿਲਸਿਲੇ ਵਿਚ ਹਿੰਦ ਸਮਾਚਾਰ ਗਰੁੱਪ ਦੀਆਂ ਅਖਬਾਰਾਂ ਨੇ, ਹਿੰਦੋਸਤਾਨ ਟਾਈਮਜ਼, ਟਾਈਮਜ਼ ਆਫ਼ ਇੰਡੀਆ ਤੇ ਖੁਸ਼ਵੰਤ ਸਿੰਘ ਵਰਗੇ ਪਤ੍ਰਕਾਰਾਂ ਦੀ ਭੂਮਿਕਾ ਨਿੰਦਣਯੋਗ ਹੈ। ਉਹਨਾਂ ਦੀਆਂ ਨਜ਼ਰਾਂ ਵਿਚ ਕੇ.ਪੀ.ਐਸ. ਗਿੱਲ ਇਕ ਐਸਾ ਹੀਰੋ ਹੈ ਜੋ ਕੌਮ ਦੀ ਖਾਤਰ ਜੀਵਨ ਮੌਤ ਦੀ ਲੜਾਈ ਲੜ ਰਿਹਾ ਹੈ। ਇਹ ਔਰਤਾਂ ਨਾਲ ਛੇੜਖਾਨੀ ਵਰਗੀਆਂ ਨਿਰਗੁਣੀਆਂ ਗੱਲਾਂ ਨੂੰ ਉਭਾਰਨਾ ਨਹੀਂ ਬਣਦਾ। ਕੇ.ਪੀ.ਐਸ. ਗਿੱਲ ਨੇ ਵੀ ਆਪਣੀ ਇਹ ਛਵੀ ਕਿ ਉਹ ਇਕ ਕੇਂਦਰ ਲਈ ਬੜਾ ਜ਼ਰੂਰੀ ਪੁਲਸ ਮੁਖੀ ਹੈ, ਬੜੀ ਸਰਗਰਮੀ ਨਾਲ ਅਤਿਵਾਦੀਆਂ (ਅਸਲੀ ਜਾਂ ਸ਼ਕੀ) ਦਾ ਸ਼ਿਕਾਰ ਸ਼ੁਰੂ ਕੀਤਾ ਹੋਇਆ ਹੈ। ਜੇਲ੍ਹਾਂ ਵਿਚੋਂ ਉਹਨਾਂ ਨੂੰ ਕੱਢ ਕੱਢਕੇ ਮੁਕਾਬਲੇ ਬਣਾਕੇ ਮਾਰਿਆ ਹੈ। ਬਜਾਜ ਦੇ ਕੇਸ ਤੋਂ ਬਾਅਦ ਇਕ ਮਹੀਨੇ ਵਿਚ ਇਹ ਗਿਣਤੀ 47 ਤਕ ਪੁਜ ਗਈ ਹੈ ਤੇ ਹੋਰ 486 ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ ਹੈ, ਵੈਸੇ ਜੇਕਰ 47 ਮਾਰਨੇ ਪੈਣ ਤੇ 486 ਜੇਲ ਵਿਚ ਸੁੱਟਣੇ ਪੈਣ ਤਾਂ, ਮਸਲਾ ਹਾਲੇ ਨਹੀਂ ਵੱਧ ਰਿਹਾ, ਸਗੋਂ ਭਿਆਨਕਤਾ ਵੱਲ ਵਧ ਰਿਹਾ ਹੈ। ਗੱਲ ਪ੍ਰੈਸ ਦੀ ਹੋ ਰਹੀ ਸੀ, ਤੇ ਇਹ ਕਹਿਣਾ ਪੈਂਦਾ ਹੈ ਕਿ ਕਈ ਮਸਲਿਆਂ ਵਿਚ ਇਹ ਦੀ ਭੂਮਿਕਾ ਬੜੀ ਗੈਰ ਜ਼ਿੰਮੇਵਾਲੀ ਰਹੀ ਹੈ।

**○ ਦਿੱਲੀ ਦਾ ਪੰਜਾਬ ਵਾਰਤਾਲਾਪ - ਗਰੁੱਪ ਅਤੇ ਹਿੰਦ ਸਮਾਚਾਰ ਗਰੁੱਪ ਦੀਆਂ ਅਖਬਾਰਾਂ**

ਪੰਜਾਬ ਦੀ ਮੌਜੂਦਾ ਹਾਲਤ ਇਹੋ ਜਿਹੀ ਹੈ ਕਿ ਸਾਧਾਰਨ ਲੋਕ ਬੁਰੀ ਤਰ੍ਹਾਂ ਦੁੱਖ ਵਿਚ ਫਸੇ ਹੋਏ ਹਨ ਤੇ ਉਹਨਾਂ ਦੀ ਇਕੋ ਚਾਹ ਹੈ ਕਿ ਕਿਸੇ ਤਰ੍ਹਾਂ ਮਾਰ ਧਾੜ ਵਿਚ ਠੱਲ੍ਹ ਪਾਏ ਅਤੇ ਅਮਨ ਸ਼ਾਂਤੀ ਹੋਵੇ, ਇਸ ਲਈ ਕਿਸੇ ਵੀ ਪਾਸਿਉਂ ਜੇਕਰ ਇਹ ਕੋਸ਼ਿਸ਼ ਹੁੰਦੀ ਹੈ ਤਾਂ ਇਸਨੂੰ ਜੀ ਆਇਆਂ ਨੂੰ ਆਖਣਾ ਚਾਹੀਦਾ ਹੈ। ਖਿੱਲੀ ਨਹੀਂ ਉਡਾਉਣੀ ਚਾਹੀਦੀ। ਸਾਡੇ ਲਈ ਪੰਜਾਬ ਦਾ ਮਸਲਾ ਕੋਈ ਇਨਕਲਾਬ ਦਾ ਮੱਸਲਾ ਨਹੀਂ ਕਿ ਇਹ ਦਾ ਸਿਆਸੀ ਹੱਲ ਬਗੈਰ ਇਨਕਲਾਬ ਦੇ ਨਹੀਂ ਹੋਣਾ। ਸੁਝਾਅ ਕਈ ਪਾਸਿਆਂ ਤੋਂ ਆਉਣੇ ਹਨ। ਇਸ ਸਿਲਸਿਲੇ ਵਿਚ ਦਿੱਲੀ ਇਕ ਸੈਮੀਨਾਰ ਹੋਇਆ ਜੋ ਦਿੱਲੀ ਹੋਇਆ ਜੋ ਦਿੱਲੀ ਵਿਚ ਰਹਿੰਦੇ ਹੋਏ ਪੰਜਾਬੀ ਬੁਧੀਜੀਵਾਂ ਤੇ ਹੋਰ ਅਸਰ ਰਸੂਖ ਰਖਣ ਵਾਲੇ ਪੰਜਾਬੀਆਂ ਦੀ ਪਹਿਲਕਦਮੀ ਤੇ ਬੁਲਾਇਆ ਗਿਆ। ਪੰਜਾਬ ਦੇ ਹਾਲਾਤ ਨੂੰ ਸੁਖਾਵਾਂ ਬਨਾਉਣ ਲਈ ਉਹਨਾਂ ਨੇ ਜੋਧਪੁਰ ਦੇ ਕੈਦੀਆਂ ਦੀ ਰਿਹਾਈ ਦੀ ਗੱਲ ਕੀਤੀ, ਦਿੱਲੀ ਦੰਗਿਆਂ ਦੇ ਦੋਸ਼ੀਆਂ ਤੇ ਮੁਕੱਦਮੇ ਚਲਾਉਣ ਦੀ ਮੰਗ ਕੀਤੀ, ਜਿਨ੍ਹਾਂ ਨੂੰ ਮਿਸ਼ਰਾ ਕਮਿਸ਼ਨ ਨੇ ਦੋਸ਼ ਠਹਿਰਾਇਆ ਹੈ, ਧਾਰਮਕ ਮਾਮਲਿਆਂ ਵਿਚ ਸਰਕਾਰ ਦੀ ਦਖ਼ਲਅੰਦਾਜ਼ੀ ਨੂੰ ਨਾਜਾਇਜ਼ ਆਖਿਆ, ਪੁਲਸ ਨੂੰ ਹੋਰ ਜ਼ਬਤ

ਵਿਚ ਕੰਮ ਕਰਨ ਦੀ ਮੰਗ ਕੀਤੀ ਆਦਿਕ। ਇਹਦੇ ਵਿਚ ਕੋਈ ਮੰਗ ਨਾਜਾਇਜ਼ ਨਹੀਂ ਸੀ। ਇਸ ਸੈਮੀਨਾਰ ਬਾਰੇ ਹਿੰਦ ਸਮਾਚਾਰ ਗਰੁੱਪ ਦੀਆਂ ਅਖ਼ਬਾਰਾਂ ਨੂੰ ਬੜਾ ਅੱਗ ਲੱਗੀ ਰਹੀ ਹੈ। ਵੱਡੀ ਚਿੜ੍ਹ ਵਿਚੋਂ ਇਹ ਸੀ ਕਿ ਹਿੰਦੂ ਸਿੱਖ ਇਕੱਠੇ ਹੋ ਕੇ ਕਿਉਂ ਕੋਈ ਮੰਗ ਕਰਦੇ ਹਨ। ਉਹਨਾਂ ਦੀਆਂ ਨਜ਼ਰਾਂ ਵਿਚ ਜੋ ਕੋਈ ਮੰਗ ਹੋ ਸਕਦੀ ਹੈ ਤਾਂ ਇਹੀ ਹੋ ਸਕਦੀ ਹੈ ਕਿ ਫੌਜ ਚੜ੍ਹਾਕੇ ਅੱਤਵਾਦ ਨੂੰ ਕੁਚਲ ਦਿੱਤਾ ਜਾਏ। ਹੋਰ ਕੋਈ ਗੱਲ ਮੈਨੇ ਨਹੀਂ ਰਖਦੀ। ਆਪਣੇ ਅੱਧੀ ਦਰਜਨ ਸੰਪਾਦਕੀਆਂ ਵਿਚ ਉਹਨੇ ਇਹ ਗੱਲ ਹੀ ਦੁਹਰਾਈ ਹੈ। ਦਿੱਲੀ ਵਾਲਿਆਂ ਦੀ ਖਿੱਲੀ ਉਡਾਦਿਆਂ ਉਹਨੇ ਇਹੀ ਲਿਖਿਆ ਹੈ ਕਿ ਦਿੱਲੀ ਬੈਠਿਆਂ ਗੱਲਾਂ ਕਰਨੀਆਂ ਆਸਾਨ ਹਨ। ਪੰਜਾਬ ਆ ਕੇ ਦੇਖੋ। ਜਿਨ੍ਹਾਂ ਦੇ ਮਰਦੇ ਨੇ ਉਹਨਾਂ ਕੋਲ ਆ ਕੇ ਪੁਛੋ। ਹਿੰਦ ਸਮਾਚਾਰ ਵਾਲੇ ਦਸਾਂ ਸਾਲਾਂ ਤੋਂ ਇਹੋ ਪੁੱਛਦੇ ਪਏ ਹਨ। ਸਵਾਲ ਮਸਲਾ ਹੱਲ ਕਰਨ ਦਾ ਹੈ ਤਾਂ ਜੋ ਹੋਰ ਕਤਲੋਗਾਰਤ ਬੰਦ ਹੋਵੇ। ਅੱਗ ਨੂੰ ਬੁਝਾਉਣ ਦਾ ਹੈ। ਅੱਗ ਨੂੰ ਹਵਾ ਦੇਣ ਦਾ ਨਹੀਂ। ਪੁਲੀਟੀਕਲ ਮਸਲੇ ਸਖ਼ਤੀ ਨਾਲ ਜਾਂ ਵਕਾਰ ਤੋਂ ਖਲੋਕੇ ਹੱਲ ਨਹੀਂ ਹੁੰਦੇ। ਗੱਲਬਾਤ ਨਾਲ ਹੀ ਹੁੰਦੇ ਹਨ ਤੇ ਗੱਲਬਾਤ ਲੜ ਰਹੀਆਂ ਧਿਰਾਂ ਦੇ ਦਰਮਿਆਨ ਹੋਵੇ ਤਾਂ ਹੀ ਫੈਸਲੇ ਹੁੰਦੇ ਹਨ।

**o ਦੁਨੀਆ ਦੀ ਨਜ਼ਰ ਵਿਚ ਭਾਰਤ ਦੀ ਇੱਜ਼ਤ :** ਰਾਜੀਵ ਗਾਂਧੀ ਦੂਜੇ ਚੌਥੇ ਦਿਨ ਕਿਸੇ ਨਾ ਕਿਸੇ ਬਾਹਰਲੇ ਦੇਸ਼ ਦੀ ਯਾਤਰਾ ਤੇ ਨਿਕਲਿਆ ਹੁੰਦਾ ਹੈ। ਰੇਡੀਓ ਅਤੇ ਟੀ.ਵੀ. ਉਤੇ ਇਸ ਤਰ੍ਹਾਂ ਪਰਚਾਰ ਹੁੰਦਾ ਹੈ। ਜਿਸ ਤਰ੍ਹਾਂ ਅੰਤਰਰਾਸ਼ਟਰੀ ਮਾਮਲਿਆਂ ਵਿਚ ਭਾਰਤ ਦੀ ਬੜੀ ਪੁੱਛ ਹੈ। ਇਹ ਪ੍ਰਭਾਵ ਬਿਲਕੁਲ ਹੀ ਆਪਣੇ ਆਪਣੇ ਆਪ ਨੂੰ ਧੋਖਾ ਦੇਣ ਵਾਲਾ ਹੈ। 1994 ਵਿਚ ਕਾਮਨਵੈਲਥ ਦੇਸ਼ਾਂ ਦੀਆਂ ਖੇਡਾਂ ਹੋਣੀਆਂ ਹਨ। ਭਾਰਤ ਇਹ ਖੇਡਾਂ ਦਿੱਲੀ ਕਰਵਾਉਣਾ ਚਾਹੁੰਦਾ ਸੀ ਪਰ ਜਦੋਂ ਸਿਓਲ ਵਿਚ ਕਾਮਨਵੈਲਥ ਖੇਡਾਂ ਦੀ ਫੈਡਰੇਸ਼ਨ ਦੀ ਮੀਟਿੰਗ ਹੋਈ ਤਾਂ ਭਾਰਤ ਨੂੰ ਵਿਕਟੋਰੀਆ ਦੇ ਮੁਕਾਬਲੇ ਵਿਚ ਬੜੀ ਵੱਡੀ ਹਾਰ ਹੋਈ। ਵੋਟਾਂ ਜਦੋਂ ਪਾਈਆਂ ਤਾਂ ਅਫਰੀਕਾ ਦੇ ਦੇਸ਼ਾਂ ਨੇ ਵੀ ਚਿੱਟਿਆਂ ਦੇ ਦੇਸ਼ ਵਿਕਟੋਰੀਆ ਦੇ ਹੱਕ ਵਿਚ ਹੀ ਵੋਟ ਪਾਈ। ਅਖਬਾਰ ਟਾਈਮਜ਼ ਆਫ਼ ਇੰਡੀਆ ਵਿਚ ਪਤ੍ਰਕਾਰ ਸੁੰਦਰ ਰਾਜਨ ਨੇ ਇਕ ਬੜੀ ਦਿਲਚਸਪ ਟਿੱਪਣੀ ਕੀਤੀ ਹੈ। ਉਸਦਾ ਸਵਾਲ ਹੈ ਕਿ ਭਾਰਤ ਇਹ ਖੇਡਾਂ ਕਰਵਾਉਣਾ ਹੀ ਕਿਉਂ ਚਾਹੁੰਦਾ ਸੀ? ਕੋਈ ਦੇਸ਼ ਇਹ ਖੇਡਾਂ ਕਰਵਾਉਂਦਾ ਹੈ ਕਿ ਉਹ ਬਾਕੀ ਦੁਨੀਆ ਨੂੰ ਆਪਣੀਆਂ ਪ੍ਰਾਪਤੀਆਂ ਦੱਸ ਸਕੇ ਤੇ ਆਪਣੇ ਦੇਸ਼ ਵਾਸੀਆਂ ਨੂੰ ਵੀ ਪ੍ਰਭਾਵਤ ਕਰ ਸਕੇ। *1964* ਵਿਚ ਇਹ ਖੇਡਾਂ ਟੋਕੀਓ ਹੋਈਆਂ, ਜਾਪਾਨ ਕੋਲ ਖੇਡਾਂ ਅਤੇ ਹੋਰ ਖੇਤਰਾਂ ਵਿਚ ਕਈ ਪ੍ਰਾਪਤੀਆਂ ਹਨ। ਭਾਰਤ ਕੋਲ ਕੀ ਹੈ? ਨਾ ਹੀ ਖੇਡਾਂ ਵਿਚ ਕੋਈ ਪ੍ਰਾਪਤੀ ਹੈ ਅਤੇ ਨਾ ਹੀ ਹੋਰ ਕਿਸੇ ਖੇਤਰ ਵਿਚ। ਸਾਨੂੰ ਇਹ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਬਾਕੀ ਦੁਨੀਆ ਦੀ ਨਜ਼ਰ ਵਿਚ ਭਾਰਤ ਤੀਜੀ ਦੁਨੀਆ ਦਾ ਇਕ ਸਾਧਾਰਨ ਜਿਹਾ ਦੇਸ਼ ਹੈ। ਐਵੇਂ ਕੋਈ ਝੂਠੇ ਭਰਮ ਨਹੀਂ ਪਾਲਣੇ ਚਾਹੀਦੇ। ਇਹ ਖੇਡਾਂ ਦਿੱਲੀ ਵਿਚ ਕਰਵਾਉਣ ਲਈ ਪਹਿਲੇ ਅਸੀਂ ਇਕ ਇੰਟਰਨੈਸ਼ਨਲ ਖੇਡ ਸੈਮੀਨਾਰ ਦਿੱਲੀ ਕਰਵਾਇਆ ਸਿਓਲ ਵਿਚ ਕਾਮਨਵੈਲਥ ਦੇ ਡੈਲੀਗੇਟਾਂ ਲਈ ਇਕ ਵੱਡਾ ਡਿਨਰ ਕੀਤਾ। ਹੱਥ ਕਿਰਤਾਂ ਦੀ ਨੁਮਾਇਸ਼ ਚੁੱਕ ਕੇ ਸਿਓਲ ਲੈ ਗਏ। 40-50 ਲੱਖ ਰੁਪਿਆ ਇਸ ਪ੍ਰਚਾਰ ਤੇ ਹੀ ਉਜਾੜ ਦਿੱਤਾ। ਸਭ ਕੁਝ ਅਜਾਈਂ ਗਿਆ। ਦੁਨੀਆ ਦੀ ਨਜ਼ਰ ਵਿਚ ਭਾਰਤ ਜ਼ੀਰੋ ਪ੍ਰਾਪਤੀਆਂ ਵਾਲਾ ਦੇਸ਼ ਹੈ। ਟਾਇਮਜ਼ ਆਫ਼ ਇੰਡੀਆ ਦੀ ਇਸ ਟਿਪਣੀ ਨਾਲ ਸਾਨੂੰ ਸਹਿਮਤ ਹੋਣਾ ਪਵੇਗਾ।

**o ਇਕ ਮੁਲਾਕਾਤ**

? ਖਾਲਸਾ ਜੀ, ਪਿਛਲੇ ਦਸ ਸਾਲਾਂ ਤੋਂ ਤੁਸੀਂ ਪੰਜਾਬ ਵਿਚ ਕਤਲੋਗਾਰਤ ਦਾ ਦੌਰ ਚਲਾਇਆ ਹੋਇਆ ਹੈ, ਅੱਜ ਕੱਲ ਤੁਹਾਡੀਆਂ ਨੀਤੀਆਂ ਕੀ ਹਨ?

—ਪਹਿਲੀ ਨੀਤੀ ਤਾਂ ਇਹ ਹੈ ਕਿ ਜਿੱਥੇ ਕਿਤੇ ਇਕੱਲੀਆਂ ਦੁਕੱਲੀਆਂ ਪੁਲਸ ਜਾਂ ਨੀਮ ਫੌਜੀ ਗਸ਼ਤੀ ਟੋਲੀਆਂ ਮਿਲਣ, ਉਹਨਾਂ ਨੂੰ ਉਡਾ ਦੇਵੋ।

? ਹਾਂ ਇਹ ਤਾਂ ਸਮਝ ਆ ਸਕਦੀ ਏ ਕਿ ਉਹ ਤੁਹਾਨੂੰ ਉਡਾਂਦੇ ਹਨ ਤੇ ਤੁਸੀਂ ਉਹਨਾਂ ਨੂੰ ਉਡਾਂਦੇ ਹੋ, ਦੂਜੀ ਨੀਤੀ?

—ਦੂਜੀ ਨੀਤੀ ਇਹ ਹੈ ਕਿ ਮੁਖ਼ਬਰਾਂ ਨੂੰ ਮੁਆਫ਼ ਨਾ ਕੀਤਾ ਜਾਏ। ਉਹਨਾਂ ਵਿਚ ਏਨੀ ਦਹਿਸ਼ਤ ਪਾਈ ਜਾਏ ਕਿ ਉਹ ਮੁਖਬਰੀ ਨਾ ਕਰਨ।

? ਚਲੋ ਇਹ ਵੀ ਸਮਝ ਆ ਸਕਦੀ ਏ, ਕਿਉਂਕਿ ਇਹਦੇ ਨਾਲ ਤੁਹਾਡਾ ਪਿੰਡਾਂ ਵਿਚ ਚਲਨਾ ਫਿਰਨਾ ਆਸਾਨ ਹੋ ਜਾਂਦਾ ਹੈ। ਤੀਜੀ ਨੀਤੀ?

—ਤੀਜੀ ਨੀਤੀ ਇਹ ਹੈ ਕਿ ਜਿਹੜੇ ਵੀ ਅਕਾਲੀ ਲੀਡਰ ਸਾਡੇ ਤੋਂ ਉਤੇ ਹੋ ਕੇ ਸਰਕਾਰ ਨਾਲ ਸਮਝੌਤੇ ਦੀ ਗੱਲਬਾਤ ਕਰਨ, ਉਹਨਾਂ ਨੂੰ ਸੋਧ ਦੇਵੋ।

? ਇਹ ਵੀ ਸਮਝ ਆ ਸਕਦੀ ਏ ਕਿਉਂਕਿ ਇਹ ਅਕਾਲੀਆਂ ਦਾ ਖਾਸ਼ਾ ਰਿਹਾ ਹੈ ਕਿ ਮੋਰਚੇ ਲਗਾਓ। ਬੰਦਿਆਂ ਦਾ ਨੁਕਸਾਨ ਕਰਵਾਓ ਤੇ ਫੇਰ ਸਮਝੌਤੇ ਕਰਕੇ ਕੁਰਸੀਆਂ ਸਾਂਭ ਲਓ। ਤੇ ਚੌਥੀ ਨੀਤੀ?

—ਚੌਥੀ ਨੀਤੀ ਇਹ ਹੈ ਕਿ ਕਿਧਰੇ ਨਾ ਕਿਧਰੇ ਬੰਬ

ਧਮਾਕੇ ਜਾਂ ਬਾਜ਼ਾਰ ਵਿਚ ਅੰਨ੍ਹੀ ਗੋਲੀਆਂ ਦੀ ਵਾਛੜ ਕਰਦੇ ਰਵੋ ਤਾਂ ਜੋ ਸਰਕਾਰ ਨੂੰ ਵੀ ਅਤੇ ਆਪਣੇ ਚੇਲੇ ਚਾਪੜਿਆਂ ਨੂੰ ਇਹ ਸਾਬਤ ਹੁੰਦਾ ਰਵ੍ਹੇ ਕਿ ਅਸੀਂ ਹਾਲੇ ਹੈਗੇ ਹਾਂ ਤੇ ਰੇਅ, ਰਬੇਰੋ ਜਾਂ ਗਿੱਲ ਦੇ ਕਹਿਣ ਅਨੁਸਾਰ ਮੁਕੇ ਨਹੀਂ।

? ਪਰ ਖਾਲਸਾ ਜੀ, ਕਿੰਨੇ ਹੀ ਬੇਦੋਸ਼ੇ ਸਾਧਾਰਨ ਲੋਕ ਇਸ ਤਰ੍ਹਾਂ ਮਰ ਜਾਂਦੇ ਨੇ, ਤੁਹਾਨੂੰ ਇਸਦਾ ਖਿਆਲ ਨਹੀਂ ਆਂਦਾ ?

—ਇਹ ਖਿਆਲ ਕਰਨ ਦੀ ਕਿਸ ਨੂੰ ਵਿਹਲ ਏ ?

? ਪਰ ਲੋਕਾਂ ਨੂੰ ਇਹ ਖਿਆਲ ਕਰਨ ਦੀ ਵਿਹਲ ਜ਼ਰੂਰ ਏ ਤੇ ਉਹਨਾਂ ਦੀਆਂ ਨਜ਼ਰਾਂ ਵਿਚ ਤੁਸੀਂ ਵਹਿਸ਼ੀ ਕਾਤਲ ਹੋ, ਜੋ ਨਾ ਆਪਣਾ ਕੁਝ ਸਵਾਰ ਰਹੇ ਹੋ। ਨਾ ਇਸ ਧਰਤੀ ਦਾ ਕੁਝ ਸਵਾਰ ਰਹੇ ਹੋ। ਪਿਛਲੇ ਇਤਿਹਾਸ ਵਿਚ ਸਿੱਖ ਨਾਇਕਾਂ ਦਾ ਨਾਂ ਸੁਨਹਿਰੀ ਹਰਫ਼ਾਂ ਵਿਚ ਲਿਖਿਆ ਗਿਆ ਸੀ ਪਰ ਤੁਹਾਡਾ ਨਾਂ ਇਤਿਹਾਸ ਵਿਚ ਕਾਲੇ ਅੱਖਰਾਂ ਦੇ ਨਾਲ ਲਿਖਿਆ ਜਾਏਗਾ। ਇਹ ਪਤਾ ਜੇ ?

—ਕੌਣ ਲਿਖੇਗਾ ?

—ਪੰਜਾਬ ਦੇ ਲੋਕ।

—ਤੇ ਇੰਦਰਾ ਗਾਂਧੀ, ਗਿਆਨੀ ਜ਼ੈਲ ਸਿੰਘ, ਦਰਬਾਰਾ ਸਿੰਘ, ਬੂਟਾ ਸਿੰਘ ਰਾਜੀਵ ਗਾਂਧੀ ਦਾ ਨਾਂ ਕਿਨ੍ਹਾਂ ਹਰਫਾਂ ਵਿਚ ਲਿਖਿਆ ਜਾਏਗਾ ?

—ਇਹ ਭਾਰਤ ਦੇ ਲੋਕ ਕਾਲੇ ਹਰਫਾਂ ਵਿਚ ਲਿਖਣਗੇ।

o **ਇਸ ਅੰਕ ਵਿਚ :** ਪਿਛਲੇ ਮਹੀਨਿਆਂ ਵਿਚ ਸਮਤਾ ਦੇ ਕਾਲਮਾਂ ਵਿਚ ਜਿਹੜੀ ਬਹਿਸ ਚਲਦੀ ਰਹੀ ਹੈ, ਉਸ ਬਾਰੇ ਜਿਹੜਾ ਜਾਇਜ਼ਾ ਮੈਂ ਪੇਸ਼ ਕੀਤਾ, ਉਹਦੇ ਬਾਰੇ ਨਾਗੀ ਰੈਡੀ ਦੇ ਸਾਥੀਆਂ ਨੂੰ ਵੀ ਅਤੇ ਪੈਗਾਮ ਗਰੁੱਪ ਦੇ ਸਾਥੀਆਂ ਨੂੰ ਵੀ ਕਾਫ਼ੀ ਇਤਰਾਜ਼ ਹਨ। ਉਹਨਾਂ ਵਲੋਂ ਸਾਨੂੰ ਸ਼ਪੱਸ਼ਟੀਕਰਨ ਅਤੇ ਨੀਤੀ ਬਿਆਨ ਮਿਲੇ ਹਨ। ਇਸ ਅੰਕ ਵਿਚ ਨਾਗੀ ਰੈਡੀ ਗਰੁੱਪ ਦਾ ਨੀਤੀ ਬਿਆਨ ਛਾਪਿਆ ਜਾ ਰਿਹਾ ਹੈ। ਅਗਲੇ ਅੰਕ ਵਿਚ ਪੈਗਾਮ ਗਰੁੱਪ ਦਾ ਇਕ ਦਸਤਾਵੇਜ਼ ਛਾਪਿਆ ਜਾਏਗਾ, ਜਿਹੜਾ ਉਹਨਾਂ ਦੀਆਂ ਨੀਤੀਆਂ ਦੀ ਪੂਰੀ ਵਿਆਖਿਆ ਕਰੇਗਾ। ਸਾਨੂੰ ਸਾਰਿਆਂ ਨੂੰ ਇਕ ਦੂਜੇ ਦਾ ਪੱਖ ਸਮਝਣ ਵਿਚ ਪੂਰੀ ਦਿਆਨਤਦਾਰੀ ਦੀ ਨੀਤੀ ਅਪਨਾਉਣੀ ਚਾਹੀਦੀ ਹੈ ਤੇ ਜੇ ਕੋਈ ਗ਼ਲਤੀ ਹੋ ਵੀ ਜਾਏ ਤਾਂ ਉਸਨੂੰ ਪੂਰੀ ਨਿਮਰਤਾ ਨਾਲ ਸਵੀਕਾਰ ਕਰਨਾ ਚਾਹੀਦਾ ਹੈ।

ਇਸ ਅੰਕ ਵਿਚ ਮਿਤਰਸੈਨ ਮੀਤ ਦੀਆਂ ਕਹਾਣੀਆਂ ਬਾਰੇ ਵੀ ਦੋ ਲੇਖ ਛਾਪੇ ਜਾ ਰਹੇ ਹਨ। ਇਹ ਕ੍ਰਾਂਤੀਕਾਰੀ ਸਾਹਿਤ ਸਭਾ ਦਾ ਇਕ ਗੋਸ਼ਟੀ ਦੇ ਪ੍ਰਸੰਗ ਵਿਚ ਛਾਪੇ ਜਾ ਰਹੇ ਹਨ। ਇਹ ਗੋਸ਼ਟੀ 25 ਸਤੰਬਰ ਰਾਮਪੁਰ ਫੂਲ ਹੋਣੀ ਸੀ। ਇਹ ਸਤਰਾਂ ਵੀ ਮੈਂ 25 ਸਤੰਬਰ ਲਿਖ ਰਿਹਾ ਹਾਂ। ਬਾਰਸ਼ਾਂ ਕਰਕੇ ਪੰਜਾਬ ਵਿਚ ਬਸ ਸਰਵਿਸ ਠੱਪ ਹੋ ਗਈ ਹੈ। ਬਹੁਤ ਸਾਰੇ ਲੇਖਕ ਰਾਮਪੁਰ ਫੂਲ ਨਹੀਂ ਪੁੱਜ ਸਕਨ ਲੱਗੇ। ਇਹਨਾਂ ਲੇਖਾਂ ਵਿਚ ਕ੍ਰਾਂਤੀਕਾਰੀ ਆਲੋਚਨਾ ਪ੍ਰਣਾਲੀ ਦੇ ਸਬੰਧ ਵਿਚ ਕੁਝ ਜ਼ਰੂਰੀ ਨੁੱਕਤੇ ਉਠਾਏ ਗਏ ਹਨ। ਕ੍ਰਾਂਤੀਕਾਰੀ ਆਲੋਚਨਾ ਦਾ ਵਿਕਾਸ ਕਰਨਾ ਸਾਰੇ ਲੋਕ ਪੱਖੀ ਲੇਖਕਾਂ ਦਾ ਇਕ ਫ਼ਰਜ਼ ਬਣਦਾ ਹੈ। ਆਉਣ ਵਾਲੇ ਸਮੇਂ ਕ੍ਰਾਂਤੀਕਾਰੀ ਸਾਹਿਤ ਸਭਾ ਆਪਣੀਆਂ ਯੋਜਨਾਵਾਂ ਨੂੰ ਇਸ ਤਰ੍ਹਾਂ ਉਲੀਕ ਰਹੀ ਹੈ ਕਿ ਕ੍ਰਾਂਤੀਕਾਰੀ ਸਾਹਿਤ ਸਭਾ ਆਪਣੀਆਂ ਯੋਜਨਾਵਾਂ ਨੂੰ ਇਸ ਤਰ੍ਹਾਂ ਉਲੀਕ ਰਹੀ ਹੈ ਕਿ ਕ੍ਰਾਂਤੀਕਾਰੀ ਸਾਹਿਤ ਦੀ ਪੂਰੀ ਪਹਿਚਾਣ ਹੋ ਸਕੇ ਤੇ ਚਰਚਾ ਹੋ ਸਕੇ।/ਗੁਰਸ਼ਰਨ ਸਿੰਘ

o

---

ਇਕ ਰਿਪੋਰਟ—

## ਦਹਿਸ਼ਤਗਰਦਾਂ ਦਾ ਟਾਕਰਾ ਕਰਨ ਵਾਲੇ ਦਾ ਸਨਮਾਨ—ਇਉਂ ਵੀ ਕੀਤਾ ਜਾਂਦਾ ਹੈ !

ਤਲਵਾੜਾ :—26 ਅਗਸਤ 1988 ਦੀ ਰਾਤ—ਉਸ ਨੂੰ ਦਸ ਕੇ ਥਾਣੇ ਵਿੱਚ ਡੀ. ਐਸ. ਪੀ. ਦੀ ਹਾਜ਼ਰੀ ਵਿੱਚ, ਪਿੱਛੇ ਬਾਹਾਂ ਬੰਨ੍ਹ ਕੇ ਬੇਹੋਸ਼ ਹੋਣ ਤੱਕ ਛੱਤ ਨਾਲ ਉਲਟਾ ਲਟਕਾਇਆ ਗਿਆ, ਗੰਦੀਆਂ ਗਾਲਾਂ ਦੀ ਵਾਛੜ ਕਰਦੇ ਹੋਏ ਅਲਫ ਨੰਗਾ ਕਰਕੇ ਕੁਟਾਪਾ ਚਾੜ੍ਹਿਆ ਗਿਆ, ਘੋਟਣਾ ਲਾਇਆ ਗਿਆ ਅਤੇ ਕਿਹਾ ਗਿਆ ਕਿ ਵਾਇਰਲੈੱਸ ਰਾਹੀਂ ਸਭ ਥਾਣਿਆਂ ਨੂੰ ਇਸ ਦੇ ਪੁਲਸ ਹਿਰਾਸਤ ਵਿਚੋਂ ਫਰਾਰ ਹੋ ਜਾਣ ਦੀ ਸੂਚਨਾ ਪ੍ਰਸਾਰਿਤ ਕਰਕੇ ਇਸ ਨੂੰ ਕਿਸੇ ਬਰਸਾਤੀ ਚੋਅ ਕਿਨਾਰੇ ਲਿਜਾ ਕੇ ਗੋਲੀ ਮਾਰ ਦੇਉ ! ਸਿਰਫ਼ ਇਹ ਕਿਹਾ ਹੀ ਨਹੀਂ ਗਿਆ, ਉਸ ਨੂੰ ਪੂਰੀ ਤਰ੍ਹਾਂ ਡਰਾ ਕੇ ਆਪਣੀ ਗੱਲ ਮਨਾਵਾਉਣ ਲਈ ਅੰਤਮ ਇੱਛਾ ਪੁੱਛਣ ਤੋਂ ਬਾਦ, ਅੱਖਾਂ ਬੰਨ ਕੇ ਜੀਪ ਵਿੱਚ ਬੈਠਾ ਕੇ, ਹਨ੍ਹੇਰੀ ਰਾਤ ਵਿਚ ਦੇਰ ਤੱਕ ਇਧਰ ਉਧਰ ਘੁੰਮਾਇਆ ਵੀ ਗਿਆ !

ਉਪਰੋਕਤ ਵਿਰਤਾਂਤ ਪੜ੍ਹ ਕੇ ਹਰ ਕੋਈ ਜਾਨਣਾ ਚਾਹੇਗਾ ਕਿ ਉਹ ਕੌਣ ਸੀ ? ਤੇ ਪੁਲਸ ਦੀ ਇਸ ਦਰਿੰਦਗੀ ਦਾ ਸ਼ਿਕਾਰ ਕਿਉਂ ਬਣਿਆ ?

ਉਹ ਕੋਈ "ਖਤਰਨਾਕ ਦਹਿਸ਼ਤਪਸੰਦ", ਡਾਕੂ ਲੁਟੇਰਾ ਜਾਂ ਜਰਾਇਮ ਪੇਸ਼ਾ ਅਪਰਾਧੀ ਨਹੀਂ—ਬਲਕਿ ਤਲਵਾੜਾ ਟਾਊਨਸ਼ਿਪ (ਜ਼ਿਲਾ ਹੁਸ਼ਿਆਰਪੁਰ) ਦਾ 40-45 ਕੁ ਨੂੰ ਢੁੱਕਿਆ, ਇਕ ਇਜ਼ਤਦਾਰ ਸ਼ਹਿਰੀ ਅਤੇ ਜਾਣਿਆ ਪਛਾਣਿਆ ਹੋਮਿਓ ਪੈਥਿਕ ਡਾਕਟਰ ਗੁਰਮੇਲ ਸਿੰਘ

ਸੇਵਕ ਸੀ ! ਇਕ ਅੰਮ੍ਰਿਤਧਾਰੀ ਸਿੱਖ ਡਾਕਟਰ ਗੁਰਮੇਲ ਸਿੰਘ–ਜਿਸ ਨੇ 30 ਅਕਤੂਬਰ 1988 ਨੂੰ "ਸਟੇਟ ਬੈਂਕ ਆਫ ਇੰਡੀਆਂ" ਦੀ ਤਲਵਾੜਾ ਬਰਾਂਚ ਨੂੰ ਲੁੱਟ ਰਹੇ ਦਹਿਸ਼ਤ ਪਸੰਦਾਂ ਉੱਤੇ ਆਪਣੀ ਲਾਈਸੈਂਸੀ ਰਾਈਫਲ ਨਾਲ ਨਿੱਡਰਤਾ ਪੂਰਬਕ ਫਾਇਰਿੰਗ ਕਰਕੇ, ਦਹਿਸ਼ਤ ਪਸੰਦਾਂ ਵਿਚ ਖਲਬਲੀ ਮਚਾ ਦਿੱਤੀ ਸੀ (ਸੁੱਖ ਸਿਪਾਹੀ ਉਰਫ ਜਨਰਲ ਲਾਭ ਸਿੰਘ ਦੀ ਅਗੋਵਾਈ ਵਿਚ ਮਾਰੇ ਇਸ ਵੱਡੇ ਡਾਕੇ ਵਿਚ, ਦਹਿਸ਼ਤ ਪਸੰਦਾਂ ਨੇ ਲਗਭੰਗ 22 ਲੱਖ ਰੁਪਏ ਲੁੱਟੇ ਸਨ ਅਤੇ ਬੈਂਕ ਮੈਨੇਜਰ ਸਮੇਤ ਤਿੰਨ ਬੰਦਿਆਂ ਨੂੰ ਕਤਲ ਕਰ ਦਿੱਤਾ ਸੀ) ਜਿਸ ਦੇ ਸਿੱਟੇ ਵਜੋਂ ਦਹਿਸ਼ਤ ਪਸੰਦ ਨੱਠਣੇ ਲੱਗੇ ਅਫਰਾ–ਤਫਰੀ ਵਿੱਚ ਆਪਣਾ ਇੱਕ ਸਾਥੀ ਪਿਛੇ ਹੀ ਛੱਡ ਗਏ ਸਨ, ਜਿਸ ਨੂੰ ਲੋਕਾਂ ਦੀ ਭੀੜ ਨੇ ਕਾਬੂ ਕਰਕੇ ਪੁਲਸ ਹਵਾਲੇ ਕਰ ਦਿੱਤਾ ਸੀ।

ਉਦੋਂ ਡਾ. ਗੁਰਮੇਲ ਸਿੰਘ ਇਸ ਆਪਣੇ ਇਸ ਨਿਰ–ਸੁਆਰਥ ਅਤੇ ਬਹਾਦਰੀ ਭਰੇ ਕਾਰਨਾਮੇ ਕਾਰਨ ਸਮੁੱਚੀ ਪ੍ਰੈਸ ਅਤੇ ਜਨਤਾ ਦੀਆਂ ਨਜ਼ਰਾਂ ਵਿਚ ਹੀਰੋ ਅਤੇ "ਜਨਤਾ ਵਲੋਂ ਅੱਤਵਾਦ ਦੇ ਟਾਕਰੇ ਦਾ ਚਿੰਨ" ਬਣ ਗਿਆ ਸੀ। ਪੰਜਾਬ ਸਰਕਾਰ ਵਲੋਂ ਵੀ ਗਵਰਨਰ ਅਤੇ ਪੁਲਸ ਮੁੱਖੀ ਨੇ ਇਕ ਵਿਸ਼ਾਲ ਜਨਤਕ ਇਕੱਠ ਵਿਚ ਡਾਕਟਰ ਨੂੰ ਇਨਾਮ ਅਤੇ ਬਹਾਦਰੀ ਦਾ ਸਰਟੀਫੀਕੇਟ ਦੇ ਕੇ ਸਨਮਾਨਿਤ ਕੀਤਾ ਸੀ।

ਪਰ ਦੋ ਸਾਲ ਵੀ ਨਹੀਂ ਗੁਜ਼ਰੇ ਕਿ ਉਸੇ ਸਰਕਾਰ ਦੀ ਪੁਲਸ ਵਲੋਂ ਡਾਕਟਰ ਨਾਲ ਉਪਰੋਕਤ ਸਲੂਕ ! ਕਿਉਂ ? ਕਿਉਂਕਿ ਡਾਕਟਰ ਨੇ ਉਸੇ ਬੈਂਕ ਡਕੈਤੀ ਵਿਚ ਆਪਣੀ ਗਵਾਹੀ ਪੁਲਸ ਦੀ ਇੱਛਾ ਮੁਤਾਬਿਕ ਨਹੀਂ ਦਿੱਤੀ। ਪੁਲਸ ਦਾ ਕਹਿਣਾ ਹੈ ਕਿ ਕਿਉਂਕਿ ਡਕੈਤੀ ਸਮੇਂ ਪਕੜੇ ਗਏ ਦਹਿਸ਼ਤ ਪਸੰਦ ਦੀ ਸ਼ਨਾਖਤ ਕਰਨ ਤੋਂ ਇਨਕਾਰ ਕਰਕੇ, ਡਾਕਟਰ ਕਿਸੇ ਕਾਰਨ ਆਪਣੇ ਬਿਆਨ ਤੋਂ ਮੁਕਰ ਰਿਹਾ ਹੈ–ਇਸ ਕਰਕੇ ਉਹ ਇਸੇ ਸਲੂਕ ਦੇ ਯੋਗ ਹੈ ! ਜਦੋਂ ਕਿ ਡਾਕਟਰ ਗੁਰਮੇਲ ਸਿੰਘ ਦਾ ਕਹਿਣਾ ਹੈ ਕਿ "ਬਿਆਨ ਬਦਲਣ ਜਾਂ ਮੁਕਰਨ ਦੀ ਗੱਲ ਪੂਰੀ ਤਰ੍ਹਾਂ ਗਲਤ ਹੈ। ਜਦ ਮੈਨੂੰ ਗਵਾਹ ਰੱਖਿਆ ਗਿਆ ਸੀ, ਮੈਂ ਉਦੋਂ ਹੀ ਪੁਲਸ ਅਧਿਕਾਰੀਆਂ ਨੂੰ ਸਪਸ਼ਟ ਕਹਿ ਦਿੱਤਾ ਸੀ, ਕਿ ਮੈਂ ਉਨ੍ਹਾਂ ਦੇ ਕਹੇ ਮੁਤਾਬਿਕ ਨਹੀਂ, ਸਗੋਂ ਉਹੀ ਕੁਝ ਬਿਆਨ ਕਰਾਂਗਾ, ਜੋ ਹਕੀਕਤ ਸੀ। ਮੈਂ ਆਪਣਾ ਇਹ ਬਿਆਨ 1 ਮਾਰਚ 88 ਨੂੰ ਅਦਾਲਤ ਅੱਗੇ ਦੇ ਚੁੱਕਿਆ ਹਾਂ। –ਇਹ ਸਚਾਈ ਹੈ ਕਿ ਉਸ ਮੌਕੇ ਭੀੜ ਵਲੋਂ ਪਕੜੇ ਅਤੇ ਕੁੱਟ ਮਾਰ ਕੇ ਬੁਰੀ ਤਰ੍ਹਾਂ ਸ਼ਕਲੋਂ ਬੇਸ਼ਕਲ ਕੁਝ ਸ਼ਕਿੰਟਾਂ ਲਈ ਹੀ ਵੇਖਿਆ ਸੀ, ਪਛਾਣਨ ਤੋਂ ਮੈਂ ਬਿਲਕੁਲ ਅਸਮਰਥ ਸੀ। ਇਸੇ ਲਈ ਮੈਂ ਸਿਰਫ ਪੁਲਸ ਦੇ ਪਿੱਛੇ ਲੱਗ ਕੇ ਇਹ ਕਹਿਣਾ ਯੋਗ ਨਹੀਂ ਸਮਝਿਆ ਕਿ ਅਦਾਲਤ ਵਿਚ ਪੇਸ਼ ਕੀਤਾ ਮੁਜਰਮ, ਉਹੀ ਦਹਿਸ਼ਤ ਪਸੰਦ ਹੈ।"

ਬੱਸ ਆਪਣੀ ਉਪਰੋਕਤ ਹੁਕਮ–ਅਦੂਲੀ ਦਾ ਬਦਲਾ ਲੈਣ ਅਤੇ ਡਰਾ ਧਮਕਾ ਕੇ ਆਪਣੀ ਮਨ–ਚਾਹੀ ਗੱਲ ਧਮਕਾ ਕੇ ਆਪਣੀ ਮਨ–ਚਾਹੀ ਗੱਲ ਧਮਕਾ ਕੇ ਆਪਣੀ ਮਨ–ਚਾਹੀ ਗੱਲ ਕਹਾਉਣ ਲਈ ਹੀ ਪੁਲਸ ਪਿਛਲੇ ਕੁਝ ਸਮੇਂ ਤੋਂ ਡਾਕਟਰ ਪਿਛੇ ਪਈ ਹੋਈ ਸੀ। ਪਹਿਲੀ ਵਾਰ, ਉਸ ਨੂੰ 17 ਅਗਸਤ ਨੂੰ ਕਈ ਘੰਟੇ ਖਾਹ–ਮਖਾਹ ਥਾਣੇ ਬੈਠਾਈ ਰਖਿਆ, ਫੇਰ 19 ਅਗਸਤ ਨੂੰ ਪੂਰਾ ਦਿਨ ਜਬਰੀ ਥਾਣੇ ਰੋਕੀ ਰਖਿਆ–ਅਖੇ ਤੈਨੂੰ ਇਨਾਮ ਕਿਸ ਲਈ ਦਿੱਤਾ ਸੀ। ਹੁਣ 26 ਅਗਸਤ ਨੂੰ ਦਸੂਹੇ ਲੈ ਜਾਕੇ ਪੂਰੀ ਰਾਤ ਤਸ਼ੱਦਦ ਢਾਹੁਣ ਤੋਂ ਬਾਦ, ਨਾਭੇ ਆਦਿ ਵੱਲ ਘੁੰਮਾਉਣ ਤੋਂ ਬਾਦ 27 ਸ਼ਾਮ ਨੂੰ ਰਿਹਾ ਕੀਤਾ। ਇਥੇ ਹੀ ਬੱਸ ਨਹੀਂ, ਸਗੋਂ ਪੁਲਸ ਉੱਤੇ ਦਹਿਸ਼ਤ ਪਸੰਦਾਂ ਨੂੰ ਪਨਾਹ ਦੇਣ ਦਾ ਝੂਠਾ ਕੇਸ ਮੜ੍ਹਨ ਦੀਆਂ ਵੀ ਗੋਂਦਾਂ ਗੁੰਦ ਰਹੀ ਹੈ।

ਦੂਜੇ ਪਾਸੇ ਟਾਊਨਸ਼ਿਪ ਦੀ ਸਮੁੱਚੀ ਜਨਤਾ ਵਿਚ, ਪੁਲਸ ਦੀ ਇਸ ਨਾਦਰਸ਼ਾਹੀ ਵਿਰੁਧ ਸਖ਼ਤ ਰੋਸ ਹੈ। ਇਸੇ ਨੂੰ ਵੇਖਦਿਆਂ, ਚਾਹੁੰਦਿਆਂ ਨਾ–ਚਾਹੁੰਦਿਆਂ ਇਥੋਂ ਦੀ ਹਰ ਸਿਆਸੀ ਪਾਰਟੀ ਨੂੰ ਕਿਸੇ ਨਾ ਕਿਸੇ ਹੱਦ ਤੱਕ, ਇਸ ਦੇ ਵਿਰੋਧ ਵਿਚ ਆਵਾਜ਼ ਉਠਾਉਣੀ ਪਈ ਹੈ। 29 ਅਗਸਤ ਨੂੰ ਸੀ. ਪੀ. ਆਈ. ਸੀ. ਪੀ. ਐਮ. ਅਕਾਲੀ ਦਲ, ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਦੇ ਪ੍ਰਤੀਨਿਧਾਂ ਤੇ ਆਧਾਰਿਤ ਇਕ ਡੈਪੂਟੇਸ਼ਨ ਨੇ ਐਸ. ਐਸ. ਪੀ. ਹੁਸ਼ਿਆਰਪੁਰ ਨੂੰ ਮਿਲ ਕੇ ਦੋਸ਼ੀ ਪੁਲਸ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ। ਐਸ. ਐਸ. ਪੀ. ਨੇ ਪੂਰੀ ਢੀਠਤਾਈ ਨਾਲ ਅਸਿੱਧੇ ਤੌਰ ਤੇ ਇਸ ਅਣ–ਮਨੁੱਖੀ ਕਾਰੇ ਨੂੰ ਜਾਇਜ਼ ਠਹਿਰਾਉਣ ਦੇ ਨਾਲ ਨਾਲ, ਜਨਤਾ ਨੂੰ ਸ਼ਾਂਤ ਕਰਨ ਲਈ ਰਸਮੀ ਤੌਰ ਤੇ "ਜਾਂਚ ਕਰਵਾ ਕੇ ਲੋੜੀਂਦੀ ਅਨੁਸ਼ਾਸਨੀ ਕਾਰਵਾਈ" ਕਰਨ ਦਾ ਵੀ ਭਰੋਸਾ ਦਿੱਤਾ।

ਸੰਘਰਸ਼ ਦੇ ਦਬਾਅ ਸਦਕਾ, ਸਬੰਧਤ ਪੁਲਸ ਅਧਿਕਾਰੀਆਂ ਵਿਰੁਧ ਜਾਂਚ ਆਰੰਭ ਹੋ ਚੁੱਕੀ ਹੈ। ਨਿਰਪੱਖ ਜਾਂਚ ਕਰਕੇ, ਦੋਸ਼ੀਆਂ ਦੇ ਖਿਲਾਫ਼ ਸਖ਼ਤ ਕਾਰਵਾਈ ਕੀਤੇ ਜਾਣ ਦੀ ਮੰਗ ਨੂੰ ਲੈ ਕੇ 4 ਸਤੰਬਰ ਸ਼ਾਮ ਨੂੰ ਇਥੇ ਥਾਣੇ ਸਾਹਮਣੇ ਇਕ ਵਿਸ਼ਾਲ ਸਾਂਝਾ ਜਲਸਾ ਕੀਤਾ ਗਿਆ। ਜਲਸੇ ਨੂੰ ਸੀ. ਪੀ. ਆਈ. ਸੀ. ਪੀ. ਐਮ., ਇੰਡੀਅਨ ਪੀਪਲਜ਼ ਫਰੰਟ ਅਤੇ ਅਕਾਲੀ ਦਲ ਤੋਂ ਇਲਾਵਾ ਮਜ਼ਦੂਰ ਮੁਲਾਜ਼ਮ ਚੇਤਨਾ ਕੇਂਦਰ, ਏਟਕ, ਇੰਟਕ ਅਤੇ ਬਾਜ਼ਾਰ ਕਮੇਟੀ ਤਲਵਾੜਾ ਦੇ ਪ੍ਰਤੀਨਿਧਾਂ ਨੇ ਸੰਬੋਧਨ ਕੀਤਾ। ਇਨਸਾਫ ਲਈ ਜਨਤਾ ਦਾ ਸੰਘਰਸ਼ ਅਜੇ ਜਾਰੀ ਹੈ।

ਵਲੋਂ :–ਸੁਖਦਰਸ਼ਨ ਨੱਤ

# ਨਾਗੀ ਰੈਡੀ ਗਰੁੱਪ ਦੇ ਪੰਜਾਬ ਮਸਲੇ ਬਾਰੇ ਨੀਤੀ ਬਿਆਨ ਦੇ ਕੁਝ ਅੰਸ਼

ਨੋਟ :—ਇਹ ਨੀਤੀ ਬਿਆਨ ਸਤੰਬਰ ਸਮਤਾ ਵਿਚ ਛਪੀ ਮੇਰੇ ਵਲੋਂ ਇਸ ਟਿਪਣੀ ਦੇ ਪ੍ਰਤੀਕਰਮ ਵਿਚ ਦਿਤਾ ਜਾ ਰਿਹਾ ਹੈ ਕਿ 'ਨਾਗੀ ਰੈਡੀ ਗਰੁੱਪ ਪੰਜਾਬ ਮਸਲੇ ਨਾਲ ਜੁੜੀਆਂ ਕਿਸੇ ਕਿਸਮ ਦੀਆਂ ਮੰਗਾਂ ਬਾਰੇ ਕੋਈ ਸਟੈਂਡ ਨਹੀਂ ਲੈਂਦੇ'। ਇਹ ਨੀਤੀ ਬਿਆਨ ਇਕ ਦਸਤਾਵੇਜ਼ ਦੇ ਰੂਪ ਵਿਚ ਹੈ ਜਿਸ ਦਾ ਸਿਰਲੇਖ ਹੈ **''ਪੰਜਾਬ ਦੀ ਅਜੋਕੀ ਹਾਲਤ ਚ 'ਘੋਲ-ਮੁੱਦਿਆਂ ਦੇ ਸੁਆਲ ਬਾਰੇ'** ਇਹ ਦਸਤਾਵੇਜ਼ ਇਕ ਪੈਂਫਲਿਟ ਦੀ ਲੰਬਾਈ ਜਿੰਨਾ ਹੈ। ਇਸ ਦੇ ਪ੍ਰਮੁੱਖ ਅੰਸ਼ ਹੀ ਇਥੇ ਜਾ ਰਹੇ ਹਨ। ਥਾਂ ਦੀ ਥੁੜ ਸਾਡੀ ਮਜਬੂਰੀ ਹੈ/ਗੁਰਸ਼ਰਨ ਸਿੰਘ

---

ਪੰਜਾਬ ਦੀ ਵਿਗੜੀ ਹਾਲਤ ਏਥੋਂ ਦੀ ਇਨਕਲਾਬੀ ਜਮਹੂਰੀ ਲਹਿਰ ਮੂਹਰੇ ਇਕ ਡਾਢੀ ਸਿਆਸੀ ਚੁਣੌਤੀ ਬਣ ਕੇ ਉੱਭਰੀ ਹੋਈ ਹੈ। ਇਹ ਸਿਆਸੀ ਚੁਣੌਤੀ ਅਮਲ ਦੇ ਖੇਤਰ 'ਚ ਤਾਂ ਉੱਭਰੀ ਹੋਈ ਹੈ ਈ, ਸੋਚ ਦੇ ਖੇਤਰ 'ਚ ਵੀ ਦਰਪੇਸ਼ ਹੈ।

ਅਮਲ ਦੇ ਖੇਤਰ 'ਚ, ਹਾਲਤ ਨੇ ਕਸੂਤੀ ਕਰੰਵਟ ਲਈ ਹੋਈ ਹੈ। ਹਾਕਮ ਜਮਾਤੀ ਪਿਛਾਖੜੀ ਸਿਆਸਤ ਦਾ ਬੋਲਬਾਲਾ ਹੈ। ਲੋਕਾਂ ਦੇ ਇਕ ਤਕੜੇ ਹਿਸੇ ਦੀ ਨਿਗ੍ਹਾ ਉੱਤੇ ਫਿਰਕੂ ਜਾਲਾ ਚੜ੍ਹਿਆ ਹੋਇਆ ਹੈ। ਇਨਕਲਾਬੀ ਜਮਹੂਰੀ ਲਹਿਰ ਦਾ ਮੌਜੂਦਾ ਵਿੱਤ ਕਮਜ਼ੋਰ ਹੈ ਅਤੇ ਇਸਨੂੰ ਪਿਛਾਖੜੀ ਦਹਿਸ਼ਤ ਦੀਆਂ ਜੋਖਮ-ਭਰੀਆਂ ਹਾਲਤਾਂ ਅਧੀਨ ਜੂਝਣਾ ਪੈ ਰਿਹਾ ਹੈ। ਤਾ ਵੀ, ਔਖੀਆਂ ਕੰਮ-ਹਾਲਤਾਂ ਅਤੇ ਕਮਜ਼ੋਰ ਵਿੱਤ ਦੇ ਬਾਵਜੂਦ ਵੀ, ਇਨਕਲਾਬੀ ਜਮਹੂਰੀ ਲਹਿਰ ਕਦਮ-ਬ-ਕਦਮ ਜ਼ੋਰ ਫੜ ਸਕਦੀ ਹੈ ਕਿਉਂਕਿ ਮੌਜੂਦਾ ਨਿਜ਼ਾਮ ਦੇ ਜਿਸ ਸੰਕਟ ਦੀ ਤਪੀ ਕੁੱਖ 'ਚੋਂ ਇਹ ਪਿਛਾਖੜੀ ਗੁਬਾਰ-ਵਰੋਲਾ ਉਠਿਆ ਹੈ, ਉਸੇ ਤਪੀ ਕੁੱਖ 'ਚ ਇਨਕਲਾਬੀ ਬਦਲਵਾਈ ਪਸਮੌੜ ਲੈ ਰਹੀ ਹੈ। ਬਿਨਾ ਸ਼ੱਕ, ਇਸ ਹਾਂ-ਪੱਖੀ ਗੁੰਜਾਇਸ਼ ਨੇ ਚੇਤਨ ਇਨਕਲਾਬੀ ਉੱਦਮ ਜ਼ਰੀਏ ਹੀ ਸਾਕਾਰ ਹੋਣਾ ਹੈ, ਖੁਦ-ਬ-ਖੁਦ ਨਹੀਂ। ਇਨਕਲਾਬੀ ਉੱਦਮ ਨੂੰ ਇੱਛਤ ਫਲ ਲੱਗਣਾ ਕਈਆਂ ਗੱਲਾਂ 'ਤੇ ਨਿਰਭਰ ਕਰਦਾ ਹੈ। ਸਭ ਤੋਂ ਵੱਧ ਇਸ ਗੱਲ 'ਤੇ ਕਿ ਇਹ ਉੱਦਮ ਇਕ ਅਜ਼ਾਦ, ਸਪਸ਼ਟ ਤੇ ਦ੍ਰਿੜ੍ਹ ਲੋਕ-ਪੱਖੀ ਸਿਆਸੀ ਪੈਂਤੜੇ ਤੋਂ ਜੁਟਾਇਆ ਜਾਂਦਾ ਹੈ ਕਿ ਨਹੀਂ। ਪਰ, ਜਿਵੇਂ ਹਰੇਕ ਡਾਢੀ ਸਿਆਸੀ ਚੁਣੌਤੀ ਵੇਲੇ ਅਕਸਰ ਵਾਪਰਦਾ ਹੈ, ਮੌਜੂਦਾ ਚੁਣੌਤੀ ਨੇ ਵੀ ਇਨਕਲਾਬੀ ਕੈਂਪ ਅੰਦਰ ਚੋਖਾ ਸਿਆਸੀ ਘਚੋਲਾ ਪਾਇਆ ਹੈ। ਕਿਸੇ ਹੱਦ ਤੱਕ ਇਹ ਵੀ ਆਖਿਆ ਜਾ ਸਕਦਾ ਹੈ ਕਿ ਪਹਿਲੋਂ ਹੀ ਸਿਆਸੀ ਵਿਚਾਰਧਾਰਕ ਉਖੜੇਵੇਂ ਦਾ ਸ਼ਿਕਾਰ ਹੋਏ ਕੁਝ ਹਿਸਿਆਂ ਦੇ ਘਚੋਲੇ ਨੂੰ ਉਭਾਰ ਦਿਤਾ ਹੈ। ਇਸ ਚੁਣੌਤੀ ਦੇ ਸਨਮੁਖ, ਖੱਬੇ-ਪੱਖੀ ਜਨਤਕ ਜੁਝਾਰੂਆਂ ਤੇ ਬੁੱਧੀਮਾਨਾ ਦੇ ਕੁਝ ਹਿਸੇ ਇਨਕਲਾਬੀ ਜਮਹੂਰੀ ਪਟੜੀਓਂ ਲਹਿ ਗਏ ਹਨ। ਏਥੋਂ ਤਕ ਕਿ ਕਮਿਊਨਿਸਟ ਇਨ: ਪਿਛੋਕੜ ਵਾਲੀਆਂ ਕੁਝ ਸਿਆਸੀ ਟੁਕੜੀਆਂ ਵੀ ਹਾਕਮ-ਜਮਾਤੀ ਸਿਆਸਤ ਦੇ ਪਤੰਗ ਉਡਾਉਣ ਲੱਗ ਪਈਆਂ ਹਨ। ਕਾਇਮੁਕਾਮ ਕਮਿਊਨਿਸਟ ਇਨਕਲਾਬੀ ਗਰੁੱਪਾਂ ਵਿਚਕਾਰ ਵੀ ਪੰਜਾਬ ਦੇ ਇਸ ਸਿਆਸੀ ਵਰਤਾਰੇ ਨੂੰ ਸਮਝਣ ਅਤੇ ਇਸ ਨਾਲ ਮੜਿੱਕਣ ਬਾਰੇ, ਪਾਟਵੇਂ ਵਿਚਾਰ ਪੈਦਾ ਹੋਏ ਹਨ। ਲੋਕ-ਪੱਖੀ ਸਿਆਸੀ ਧਿਰਾਂ ਅੰਦਰ ਇਉਂ ਪਾਟਕ ਪਾਉਣ ਦੇ ਰੂਪ 'ਚ ਹੀ, ਇਹ ਚੁਣੌਤੀ ਸੋਚ ਦੀ ਪੱਧਰ 'ਤੇ ਵੀ ਸਿਆਸੀ ਚੁਣੌਤੀ ਬਣੀ ਹੈ। ਅਮਲ ਦੇ ਖੇਤਰ 'ਚ ਇਸ ਦਾ ਅਸਰਦਾਰ ਟਾਕਰਾ ਕਰਨ ਖਾਤਰ, ਸੋਚ ਦੇ ਖੇਤਰ 'ਚ ਇਸ ਨਾਲ ਨਜਿੱਠਣਾ ਨਿਹਾਇਤ ਜ਼ਰੂਰੀ ਹੈ ਜਿਸ ਦਾ ਮਤਲਬ ਹੈ, ਪੰਜਾਬ ਦੇ ਇਸ ਸਿਆਸੀ ਵਰਤਾਰੇ ਨੂੰ ਸਮਝਣ ਤੇ ਇਸ ਨਾਲ ਮੜਿੱਕਣ ਸਬੰਧੀ, ਇਨਕਲਾਬੀ ਕੈਂਪ ਅੰਦਰ ਬੁਨਿਆਦੀ ਸੰਮਤੀ ਪੈਦਾ ਕਰਨੀ ਨਿਹਾਇਤ ਜ਼ਰੂਰੀ ਹੈ।

ਪੰਜਾਬ ਸਮੱਸਿਆ ਬਾਰੇ ਇਹਨਾਂ ਮੱਤਭੇਦਾਂ ਦਾ ਸਭ ਤੋਂ ਉੱਘੜਵਾਂ ਇਜ਼ਹਾਰ ਕਿਸ ਸ਼ਕਲ 'ਚ ਹੋ ਰਿਹਾ ਹੈ? ਇਸ ਘਚੋਲੇ ਜਾਂ ਰੱਟੇ ਥਾਣੀਂ ਹੋ ਰਿਹਾ ਹੈ ਕਿ ਅੱਜ ਜਨਤਕ ਲਾਮਬੰਦੀ ਤੇ ਘੋਲ ਦਾ ਅਮਲ ਚਲਾਉਣ ਵਾਸਤੇ ਕਿਹੜੇ ਮੁੱਦਿਆਂ ਨੂੰ ਧੁਰਾ ਬਣਾਉਂਣਾ ਚਾਹੀਦਾ ਹੈ। ਰੌਲੇ ਦਾ ਮੂਲ-ਮੁੱਦਾ ਇਹ ਹੈ ਕਿ ਅਕਾਲੀ ਐਜੀਟੇਸ਼ਨ ਦੋਰਾਨ ਉਭਾਰੀਆਂ ਗਈਆਂ ਮੰਗਾਂ ਵੰਨੀ, ਇਨਕਲਾਬੀ ਕੈਂਪ ਦਾ ਵਤੀਰਾ ਕੀ ਹੋਣਾ ਚਾਹੀਦਾ ਹੈ?

ਇਨਕਲਾਬੀ ਕੈਂਪ ਵਿਚਲੀਆਂ ਸਿਆਸੀ ਧਿਰਾਂ ਦਾ ਇਕ ਤਕੜਾ ਸਿਰ-ਕੱਢਵਾਂ ਹਿੱਸਾ, ਇਸ ਨਿਰਨੇ ਬਾਰੇ, ਮੋਟੇ ਤੌਰ 'ਤੇ, ਇਕ ਮੱਤ ਹੈ ਕਿ ਇਹ ਮੰਗਾਂ (ਭਾਸ਼ਾਈ ਆਧਾਰ 'ਤੇ ਪੰਜਾਬ ਦੀ ਮੁੜ ਹੱਦਬੰਦੀ ਵੇਲੇ ਰਹੀਆਂ ਕਸਰਾਂ-ਬੇਤੁਕੀਆਂ ਨੂੰ ਦੂਰ ਕਰਨ ਦੀਆਂ ਅਤੇ ਹੋਰ ਜੁੜਵੀਆਂ ਮੰਗਾਂ) ਲੋਕਾਂ ਦੀਆਂ ਪ੍ਰਮੁੱਖ ਹੈਸੀਅਤ ਵਾਲੀਆਂ ਮੰਗਾਂ ਨਹੀਂ ਹਨ। ਨਿਮਨ-ਹੈਸੀਅਤ ਵਾਲੀਆਂ ਮੰਗਾਂ ਹਨ। ਇਸ ਨਿਰਨੇ ਬਾਰੇ, ਕਮ-ਜ-ਕਮ, ਪੰਜਾਬ ਦੀਆਂ ਤਿੰਨ ਕਮਿਊਨਿਸਟ ਇਨਕਲਾਬੀ ਜਥੇਬੰਦੀਆਂ ਦੀ-ਤਾਂ ਨਿਸਚਿਤ ਰੂਪ 'ਚ ਸੰਮਤੀ ਬਣੀ ਹੋਈ ਹੈ। ਇਹ

ਹਨ, ਯੂ. ਸੀ. ਸੀ. ਆਰ. ਆਈ. (ਮ. ਲ.)–"ਨਾਗੀ ਰੈਡੀ ਗਰੁੱਪ", ਆਰ. ਸੀ. ਪੀ. ਆਈ. "ਟਾਕਰਾ ਗਰੁੱਪ", ਅਤੇ ਸੀ. ਪੀ. ਆਈ. (ਮ. ਲ.)–ਸੀ. ਟੀ. ਗਰੁੱਪ" । ਇਸ ਨਿਰਨੇ ਤੋਂ ਤੁਰਦਿਆਂ, ਅਗਲੇ ਕਦਮ 'ਤੇ ਹੀ ਇਸ ਨਿਤਾਰੇ ਉੱਤੇ ਅੱਪੜਿਆ ਜਾਂਦਾ ਹੈ ਕਿ ਇਹਨਾਂ ਮੰਗਾਂ ਦੇ ਧੁਰੇ ਦੁਆਲੇ ਉਸਾਰੀ ਜਦੋ-ਜਹਿਦ, ਟਾਲੂ-ਤਿਲਕਾਊ (Diversionary) ਸੁਭਾਅ ਵਾਲੀ ਜਦੋ-ਜਹਿਦ ਬਣਦੀ ਹੈ । ਕਿਉਂਕਿ, ਨਿਮਨ ਹੈਸੀਅਤ ਵਾਲੀਆਂ ਮੰਗਾਂ ਨੂੰ ਉਭਾਰ-ਉਛਾਲ ਕੇ ਲੋਕਾਂ ਦੇ ਧਿਆਨ ਅਤੇ ਘੋਲ-ਉੱਦਮ ਦਾ ਕੇਂਦਰ ਬਿੰਦੂ ਬਣਾਉਣਾ ਅਤੇ ਇਸ ਤਰ੍ਹਾਂ ਪਰਮੁੱਖ ਹੈਸੀਅਤ ਵਾਲੀਆਂ ਮੰਗਾਂ ਦੀ ਪੁੱਛ-ਪਰਤੀਤ ਨੂੰ ਰੋਲਣਾ, ਤਿਲਕਾਊ ਸਰਗਰਮੀ ਹੈ ।

ਇਥੇ ਨੁਕਤਾ ਇਹ ਹੈ ਕਿ ਅਜੇਹੇ ਤਿਲ੍ਹਕਾਅ ਦੇ ਵਰਤਾਰੇ ਵੱਲੋਂ ਲੋਕਾਂ ਦੇ ਖਰੇ ਸਿਆਸੀ ਆਗੂਆਂ ਦਾ ਹੁੰਗਾਰਾ ਕੀ ਹੋਵੇ । ਤਿਲ੍ਹਕਾਅ ਦੇ ਵਰਤਾਰੇ ਦਾ ਟਾਕਰਾ ਕਰਨ ਦਾ ਅਤੇ ਇਸ ਨੂੰ ਬੇਅਸਰ ਕਰਦਿਆਂ ਲੋਕ-ਵਹਿਣ ਨੂੰ ਰਾਹ ਸਿਰ ਲਿਆਉਣ ਦਾ, ਜਾਂ ਕਿ ਧੂੜ 'ਚ ਟੱਟੂ ਰਲਾਉਣ ਦਾ, ਚਲੰਤ ਵਹਿਣ 'ਚ ਵਹਿ ਤੁਰਨ ਦਾ ? ਕਹਿਣ ਨੂੰ ਤਾਂ ਸ਼ਾਇਦ ਕੋਈ ਵੀ ਇਨਕਲਾਬੀ ਧਿਰ ਇਉਂ ਕਹਿਣਾ ਪਸੰਦ ਨਾ ਕਰੇ ਕਿ ਉਹ ਮਗਰਲੀ ਕਿਸਮ ਦੇ ਹੁੰਗਾਰੇ ਦੇ ਪੱਖ 'ਚ ਹੈ । ਪਰ ਅੱਜ ਇਹਨਾਂ ਮੰਗਾਂ ਨੂੰ ਘੋਲ ਮੰਗਾਂ ਵਜੋਂ ਉਭਾਰਨ ਦੀ ਇਕ ਜਾਂ ਦੂਜੇ ਰੂਪ 'ਚ ਵਕਾਲਤ ਕਰਨੀ ਅਮਲੀ ਤੌਰ 'ਤੇ ਮਗਰਲੀ ਕਿਸਮ ਦਾ ਹੁੰਗਾਰਾ ਦੇਣਾ ਹੀ ਹੈ ਇਉਂ ਕਰਨ ਪਿਛੇ ਕੰਮ ਕਰਦੀ ਤਰਕ ਭਾਵੇਂ ਕੋਈ ਵੀ ਹੋਵੇ ।

ਤਰਕ ਇਹ ਵੀ ਹੋ ਸਕਦੀ ਹੈ ਕਿ ਸਾਡੀ ਮਰਜ਼ੀ ਤੋਂ ਬੇਵਾਹਰੇ ਹੋ ਕੇ, ਹੁਣ ਜਦੋਂ ਅਜਿਹਾ ਤਿਲ੍ਹਕਾਅ ਆ ਹੀ ਚੁੱਕਿਆ ਹੈ, ਜਦੋਂ ਨਿਮਨ ਹੈਸੀਅਤ ਵਾਲੀਆਂ ਮੰਗਾਂ ਲੋਕਾਂ ਦੀ ਸੁਰਤ ਦਾ ਕੇਂਦਰ-ਬਿੰਦੂ ਬਣਾ ਹੀ ਦਿਤੀਆਂ ਗਈਆਂ ਹਨ ਤਾਂ ਇਹਨਾਂ ਉਭਰੀਆ ਘੋਲ ਮੰਗਾਂ ਨੂੰ ਨਾ ਅਪਣਾ ਕੇ ਅਸੀਂ ਲੋਕਾਂ ਤੋਂ ਨਿਖੇੜਾ ਹੀ ਖੱਟ ਰਹੇ ਹੋਵਾਂਗੇ, ਸੁਆਰ ਕੁਝ ਨਹੀਂ ਹੋਵਾਂਗੇ । ਅਜਿਹੀ ਤਰਕ ਪੂਛਲਵਾਦੀ ਮਾਨਸਕਤਾ ਦੀ ਨਿੱਤਰਵੀਂ ਝਲਕ ਪੇਸ਼ ਕਰਦੀ ਹੈ ।

ਤਰਕ ਇਹ ਵੀ ਹੋ ਸਕਦੀ ਹੈ ਕਿ ਇਹਨਾਂ ਮੰਗਾਂ ਦੀ ਉਲਾਰ ਅਹਿਮੀਅਤ ਵਾਲੀ ਬਣੀ ਹਾਲਤ ਨੂੰ ਸੂਤ ਕਰਨਾ; ਬਿਨਾਂ ਸ਼ੱਕ ਸਾਡਾ ਮਕਸਦ ਹੈ । ਪਰ ਉਲਾਰੂ ਵਾਲੀ ਇਸ ਹਾਲਤ ਨੂੰ ਸੂਤ ਕਰਨ ਖਾਤਰ ਸਾਨੂੰ ਚਾਹੀਦਾ ਹੈ ਕਿ ਇਹਨਾਂ ਮੰਗਾਂ ਨੂੰ ਰਾਹ ਸਿਰ ਦੀ ਅਹਿਮੀਅਤ ਦਿੰਦਿਆਂ ਉਭਾਰੀਏ । ਨਿਮਨ ਹੈਸੀਅਤ ਹੋਣ ਦਾ ਮਤਲਬ ਇਹ ਤਾਂ ਨਹੀਂ ਹੋਣਾ ਚਾਹੀਦਾ ਕਿ ਇਹਨਾਂ ਨੂੰ ਘੋਲ-ਮੰਗਾਂ ਵਲੋਂ ਉੱਕਾ ਹੀ ਨਾ ਛੋਹਿਆ ਜਾਵੇ । ਇਹ ਤਰਕ ਇਨਕਲਾਬੀ ਦਾਅ ਪੇਚਕ ਨਿਯਮਾਂ ਬਾਰੇ ਅਸਪਸ਼ਟਤਾ ਦੀ ਸੂਚਕ ਹੈ ।

ਜਮਹੂਰੀ ਖਾਸੇ ਵਾਲੀਆਂ ਮੰਗਾਂ ਖਾਤਰ ਚੱਲਣ ਵਾਲੀ ਕਿਸੇ ਜਦੋ ਜਹਿਦ 'ਚ ਇਹ ਲਾਜ਼ਮੀ ਲੱਛਣ ਹੁੰਦਾ ਹੈ ਕਿ ਇਸ ਰਾਹੀਂ ਲੋਕਾਂ ਦੀ ਜਮਹੂਰੀ ਸੋਝੀ ਤੇ ਇਕ-ਜੁੱਟਤਾ ਵਧਦੀ ਹੈ । ਅਤੇ ਇਹ ਮੰਗਾਂ ਹੈਨ ਵੀ ਜਮਹੂਰੀ ਖਾਸੇ ਵਾਲੀਆਂ । ਇਸ ਮਾਮਲੇ 'ਚ ਦਿਸਦਾ ਆਪਾ-ਵਿਰੋਧ ਉਦੋਂ ਗਾਇਬ ਹੋ ਜਾਂਦਾ ਹੈ ਜਦੋਂ ਅਸੀਂ ਇਹ ਹਕੀਕਤ ਬੁੱਝ ਲੈਂਦੇ ਹਾਂ ਕਿ ਇਹ ਮੰਗਾਂ **ਜਮਹੂਰੀ ਮੰਗਾਂ** ਵਜੋਂ ਜੱਦੋ ਜਹਿਦ ਦਾ ਮੁੱਦਾ ਹੀ ਨਹੀਂ ਬਣ ਰਹੀਆਂ ।

ਅਜੋਕੀ ਹਾਲਤ ਦੇ ਠੋਸ ਪਰਸੰਗ ਵਿਚ, ਇਹਨਾਂ ਮੰਗਾਂ ਦਾ ਜਮਹੂਰੀ ਖਾਸਾ ਹੋਣਾ ਬੇਮਤਲਬ ਗੱਲ ਬਣ ਕੇ ਰਹਿ ਗਿਆ ਹੈ ਜਿਸ ਦਾ ਲੋਕ ਸਮੂੰਹ ਦੀ ਸੋਚ ਤੇ ਸਰਗਰਮੀ ਨਾਲ ਕੋਈ ਰਿਸ਼ਤਾ ਨਹੀਂ ਬਣਦਾ । ਇਹ ਮੰਗਾਂ, ਮੁੱਖ ਤੌਰ 'ਤੇ, ਫਿਰਕੂ ਪਰਸੰਗ 'ਚ ਉੱਭਰੀਆਂ ਹਨ ਅਤੇ ਏਸੇ ਪਰਸੰਗ 'ਚ ਹੀ ਰਿੜਕੀਆਂ ਜਾ ਰਹੀਆਂ ਹਨ । ਪੰਜਾਬ ਦੇ ਜਨਤਕ ਹਿਸਿਆਂ ਅੰਦਰ ਇਹ ਮੰਗਾਂ ਜਿੰਨੀ ਕੁ ਵੀ ਦਿਲਚਸਪੀ ਜਗਾ ਸਕੀਆਂ ਹਨ, ਮੁੱਖ ਤੌਰ 'ਤੇ ਇਕ ਫਿਰਕੂ ਸਰੋਕਾਰ ਵਜੋਂ ਹੀ ਜਗਾ ਸਕੀਆਂ ਹਨ । ਸਿੱਖ ਫਿਰਕੇ ਨਾਲ ਬੇਇਨਸਾਫੀ ਦੇ ਮਾਮਲੇ ਵਜੋਂ ਹੀ ਇਹਨਾਂ ਜਨਤਕ ਹਿਸਿਆਂ ਦਾ ਲਗਾਓ ਜਗਾ ਸਕੀਆਂ ਹਨ ।

ਇਉਂ ਹੋਣਾ, ਪੰਜਾਬ ਅੰਦਰ ਚਲੇ ਵਡੇ ਸਿਆਸੀ ਵਰਤਾਰੇ ਦਾ ਹੀ ਇਕ ਅੰਗ ਹੈ । ਹਾਕਮ ਜਮਾਤੀ ਚੌਧਰ ਭੇੜ ਅੰਦਰ ਫਿਰਕੂ ਸਿਆਸਤ ਦੇ ਉਭਾਰ ਤੇ ਖੂਨੀ ਉਧੇੜ ਦਾ ਵਰਤਾਰਾ, ਜਿਸ ਨੇ ਸਮਾਜਕ-ਆਰਥਕ ਤਬਕਿਆਂ ਦੀ, ਮੁੱਖ ਤੌਰ 'ਤੇ ਕਿਸਾਨੀ ਦੀ, ਔਖ-ਪਰੇਸ਼ਾਨੀ ਤੇ ਹੱਕ-ਮਾਰੀ ਦੇ ਅਹਿਸਾਸ ਨੂੰ ਇਕ ਫਿਰਕੇ ਵਜੋਂ ਮੁਸੀਬਤ-ਮੂੰਹ ਆਉਣ ਦੇ ਅਹਿਸਾਸ ਵਿਚ ਵਟਾ ਦਿਤਾ ਹੈ । ਲੋਕਾਂ ਦੀ ਸੋਚ ਤੇ ਸਰਗਰਮੀ ਅੰਦਰ ਆਇਆ ਅਸਲ ਤੇ ਮੂਲ ਤਿਲ੍ਹਕਾਅ ਏਹੋ ਹੈ । ਜਮਾਤੀ ਤਬਕਾ ਹੀ ਸੰਕਟ, ਫਿਰਕੇ ਦਾ ਸੰਕਟ ਦਿਖਾਈ ਦੇਣ ਲੱਗ ਪਿਆ ਹੈ । ਇਹਨਾਂ ਮੰਗਾਂ ਦੇ ਰੇੜਕੇ ਦੇ ਰੂਪ 'ਚ ਪਰਗਟ ਹੋ ਰਿਹਾ ਤਿਲ੍ਹਕਾਅ ਦਾ ਹੀ ਉੱਰਰਵਾਂ ਵਧਾਰਾ ਹੈ ।

ਫਿਰਕੇ ਦੇ ਸੰਕਟ ਦੇ ਇਸ ਉਭਰੇ ਹੋਏ ਅਹਿਸਾਸ ਦੇ ਪਰਸੰਗ ਅੰਦਰ, ਸੰਬੰਧਤ ਜਨਤਕ ਹਿਸਿਆਂ ਵਾਸਤੇ ਇਹਨਾਂ ਮੰਗਾਂ ਦੀ ਵੁੱਕਤ ਬਹੁਤਾ ਕਰ ਕੇ ਇਸ ਗਲੋਂ ਹੀ ਹੈ ਕਿ ਮੰਨਣਯੋਗ ਮੰਗਾਂ ਦਾ ਵੀ ਨਾ ਮੰਨਿਆ ਜਾਣਾ, ਸਿੱਖ ਫਿਰਕੇ ਨਾਲ ਵਰਤੀ ਜਾ ਰਹੀ ਦਰਿਆਤ ਦਾ ਹੀ

ਉੱਘੜਵਾਂ ਮਾਮਲਾ ਲਗਦਾ ਹੈ। ਅਜੋਕੀ ਹਾਲਤ ਦੇ ਬਰਕਰਾਰ ਰਹਿੰਦਿਆਂ, ਇਹਨਾਂ ਮੰਗਾਂ ਦੀ ਕੋਈ ਵੀ ਹੋਣੀ ਲੋਕ-ਹਿੱਤ ਵਿਚ ਨਹੀਂ ਭੁਗਤਣ ਲੱਗੀ। ਨਾ ਮੰਨੇ ਜਾਣ ਦੀ ਸੂਰਤ 'ਚ, ਇਹ ਸਿੱਖਾਂ ਨਾਲ ਵਿਤਕਰੇ ਦਾ ਅਹਿਸਾਸ ਬਣਾਈ ਰੱਖਣ ਦੀ ਸਮੱਗਰੀ ਬਣੀਆਂ ਰਹਿਣਗੀਆਂ; ਮੰਨੇ ਜਾਣ ਦੀ ਸੂਰਤ 'ਚ, ਇਹ ਇਕ ਜਾਂ ਦੂਜੇ ਅਕਾਲੀ ਧੜੇ ਦੀ ਭੱਲ ਬਣਾਉਣ ਦਾ ਹੀ ਜਰੀਆ ਬਣਨਗੀਆਂ ਜਿਸ ਨੇ ਸਿੱਖਾਂ ਦੀ ਕੁਝ ਨਾ ਕੁਝ ਤਾਂ ਪੁਗਾ ਕੇ ਦਿਖਾ ਦਿਤੀ।

ਨਿੱਕ-ਬੁਰਜੂਆ ਬੁੱਧੀਮਾਨਾਂ ਦੀ ਇਕ ਨਿਕੀ ਜਿਹੀ ਪਰਤ ਹੀ ਇਸ ਭਰਮ ਦਾ ਸ਼ਿਕਾਰ ਹੈ ਕਿ ਇਹਨਾਂ ਮੰਗਾਂ ਦਾ ਰੇੜਕਾ ਜਿਵੇਂ ਉਹਦੇ ਵਾਸਤੇ ਇਕ ਜਮਹੂਰੀ ਮਸਲਾ ਬਣਿਆ ਹੋਇਆ ਹੈ, ਜਨਤਕ ਪੱਧਰ 'ਤੇ ਵੀ ਉਵੇਂ ਹੀ ਬਣਿਆ ਹੋਇਆ ਹੈ। ਕਮਿਊਨਿਸਟ ਇਨਕਲਾਬੀਆਂ ਨੂੰ ਕਦਾਚਿਤ ਵੀ ਅਜਿਹੇ ਭਰਮ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ। ਉਹਨਾਂ ਦਾ ਸਮੁੱਚਾ ਨਜ਼ਰੀਆ ਅਤੇ ਸਿਆਸੀ ਤਜ਼ਰਬਾ ਇਹੋ ਮੰਗ ਕਰਦਾ ਹੈ ਕਿ ਇਹਨਾਂ ਮੰਗਾਂ ਦੇ ਭੁਚਲਾਊ ਮਹਾਂਦਰੇ ਮਗਰ ਨਾ ਜਾ ਕੇ, ਇਹਨਾਂ ਦੇ, ਅੱਜ ਗ੍ਰਹਿਣ ਕੀਤੇ, ਹਕੀਕੀ ਸਿਆਸੀ ਅਰਥਾਂ ਨੂੰ ਬੁੱਝਿਆ ਜਾਵੇ। ਇਹਨਾਂ ਦੇ ਹਕੀਕੀ ਸਿਆਸੀ ਅਰਥਾਂ ਨੂੰ ਫੜਦਿਆਂ, ਸਹਿਜੇ ਹੀ ਇਹ ਨਿਤਾਰਾ ਹੋ ਜਾਂਦਾ ਹੈ ਕਿ, ਇਸ ਮੌਕੇ ਉਤੇ, ਘੋਲ-ਮੰਗਾਂ ਵਜੋਂ ਇਹਨਾਂ ਦੀ ਅਣ-ਉਪਯੋਗੀ ਹੈਸੀਅਤ ਬਣਦੀ ਹੈ।

ਮਸਲੇ ਦੀ ਉਪਰੋਕਤ ਨਿਰਖ-ਪੜਤਾਲ ਦੇ ਆਧਾਰ 'ਤੇ, ਅਜਿਹੀਆਂ ਸਾਰੀਆਂ ਦਲੀਲਾਂ ਨੂੰ ਜਾਂਚਿਆ ਜਾ ਸਕਦਾ ਹੈ ਅਤੇ ਇਹਨਾਂ ਅੰਦਰਲਾ ਕੱਜ ਟਿਕਿਆ ਜਾ ਸਕਦਾ ਹੈ ਜਿਹੜੀਆਂ ਇਹਨਾਂ ਮੰਗਾਂ ਨੂੰ ਇਨਕਲਾਬੀ ਜਨਤਕ ਜਦੋਜਹਿਦ ਦਾ ਮੁੱਦਾ ਬਣਾਏ ਜਾਣ ਦੀ ਸਿਫਾਰਸ਼ ਕਰਦੀਆਂ ਹੋਣ। ਮਿਸਾਲੋਂ ਵਜੋਂ, ਕੁਝ ਇਨਕਲਾਬੀ ਹਲਕਿਆਂ ਵਲੋਂ ਉਭਾਰੀ ਜਾ ਰਹੀ ਇਹ ਦਲੀਲ ਕਿ ਸਾਨੂੰ ਇਹਨਾਂ ਮੰਗਾਂ ਤੋਂ ਬੇ-ਵਾਸਤਾ ਹੋ ਕੇ ਇਹਨਾਂ ਨੂੰ ਫਿਰਕੂ ਸਿਆਸਤ ਦਾ ਹਥਿਆਰ ਬਣਿਆ ਨਹੀਂ ਰਹਿਣ ਦੇਣਾ ਚਾਹੀਦਾ। ਸਗੋਂ, ਇਨਕਲਾਬੀ ਸਿਆਸੀ ਧਿਰਾਂ ਨੂੰ ਚਾਹੀਦਾ ਹੈ ਕਿ ਜਮਹੂਰੀ ਪੈਂਤੜੇ ਤੋਂ ਇਹਨਾਂ ਮੰਗਾਂ ਨੂੰ ਚੁੱਕਣ ਅਤੇ ਇਸ ਤਰ੍ਹਾਂ ਇਹਨਾਂ ਨਾਲ ਜੁੜ ਗਏ ਫਿਰਕੂ ਅਰਥਾਂ ਤੋਂ ਇਹਨਾਂ ਦਾ ਤੋੜ ਵਿਛੋੜਾ ਕਰ ਦੇਣ।

ਪਹਿਲੀ ਗੱਲ ਤਾਂ ਇਹ ਕਿ ਜਨਤਕ ਸੋਚ ਤੇ ਸਰਗਰਮੀ ਅੰਦਰ ਫਿਰਕੂ ਤਿਲ੍ਹਕਾਅ ਆ ਜਾਣ ਦੀ ਮੌਜੂਦਾ ਹਾਲਤ ਨੂੰ ਪੈਦਾ ਕਰਨ ਵਿਚ ਇਹਨਾਂ ਮੰਗਾਂ ਦੇ ਰੇੜਕੇ ਦਾ ਮੁੱਖ ਰੋਲ ਨਹੀਂ ਹੈ, ਸਹਾਈ ਰੋਲ ਹੀ ਹੈ। ਫਿਰਕੂ ਤਿਲ੍ਹਕਾਅ ਦੇ ਬਾਹਰਮੁਖੀ ਆਧਾਰ (ਸਮਾਜਕ-ਆਰਥਕ ਤਬਕਿਆਂ ਦੀ ਵਿਆਪਕ ਔਖ-ਪਰੇਸ਼ਾਨੀ) ਦੀ ਗਿਣਤੀ ਤੋਂ ਵੀ, ਅਤੇ ਕਰਤਾਮੁਖੀ ਅੰਸ਼ (ਖਹਿ-ਭਿੜ ਰਹੇ ਕਾਂਗਰਸੀ ਅਕਾਲੀ ਧੜਿਆਂ ਦੀ ਪੁਆੜੇ ਪਾਊ ਸਿਆਸਤਬਾਜ਼ੀ, ਖਾਲਸਤਾਨੀ ਦਹਿਸ਼ਤਗਰਦੀ ਤੇ ਮੋੜਵੀਂ ਹਕੂਮਤੀ ਦਹਿਸ਼ਤਗਰਦੀ ਜਾਂ ਹਕੂਮਤੀ ਸ਼ਹਿ ਉਤੇ ਪੰਜਾਬੋਂ ਬਾਹਰ ਸਿੱਖ ਵਿਰੋਧੀ ਦੰਗਿਆਂ ਦੀਆਂ ਕਾਰਵਾਈਆਂ ਆਦਿ) ਦੀ ਗਿਣਤੀ ਤੋਂ ਵੀ। ਇਸ ਲਈ ਫਿਰਕੂ-ਤਿਲ੍ਹਕਾਅ ਦੀ ਮੁੱਖ ਸਮੱਸਿਆ ਨਾਲ ਮੜ੍ਹੱਕੇ ਬਗੈਰ, ਸਾਡੇ ਵਲੋਂ ਇਹਨਾਂ ਮੰਗਾਂ ਨੂੰ ਜਮਹੂਰੀ ਪੈਂਤੜੇ ਤੋਂ ਚੁੱਕਣ ਨਾਲ ਹੀ ਜਨਤਕ ਪੱਧਰ 'ਤੇ, ਇਹਨਾਂ ਦਾ ਫਿਰਕੂ ਅਰਥਾਂ ਤੋਂ ਤੋੜ-ਵਿਛੋੜਾ ਨਹੀਂ ਹੋ ਜਾਣ ਲੱਗਿਆ। ਦੂਜੀ ਗੱਲ, ਮੰਨ ਲਓ ਅਸੀਂ ਇਹਨਾਂ ਮੰਗਾਂ ਉਤੇ ਜਮਹੂਰੀ ਪੈਂਤੜੇ ਤੋਂ ਜਦੋਜਹਿਦ ਕਰਦਿਆਂ, ਇਹਨਾਂ ਨੂੰ ਫਿਰਕੂ ਅਰਥਾਂ ਤੋਂ ਸੁਰਖੁਰੂ ਕਰ ਦੇਣ 'ਚ ਸਫਲ ਹੋ ਜਾਂਦੇ ਹਾਂ ਤਾਂ ਇਸ ਦਾ ਅਮਲੀ ਸਿੱਟਾ ਕੀ ਨਿਕਲੇਗਾ? ਨਾਲ ਦੀ ਨਾਲ ਇਸ ਜਨਤਕ ਜਦੋਜਹਿਦ ਦੀ ਫੂਕ ਨਿਕਲ ਜਾਵੇਗੀ ਅਤੇ ਸਾਡੀ ਸਿਆਸੀ ਸੂਝ-ਬੂਝ ਦੀ ਵੀ। ਕਿਉਂਕਿ, ਪਹਿਲਾਂ ਹੀ ਬੁੱਝੀ ਜਾ ਸਕਦੀ ਇਹ ਹਕੀਕਤ ਸਾਡੇ ਮੱਥੇ 'ਚ ਵੱਜੇਗੀ ਕਿ ਫਿਰਕੂ ਸਰੋਕਾਰ ਤੋਂ ਸੱਖਣੀਆਂ ਹੋਈਆਂ ਇਹ ਮੰਗਾਂ ਜਨਤਕ ਲਾਮਬੰਦੀ ਤੇ ਜਦੋਜਹਿਦ ਦਾ ਨਿਤਾਣਾ ਮੁੱਦਾ ਬਣਦੀਆਂ ਹਨ। ਸਾਡੇ ਵਲੋਂ ਅਜਿਹੇ ਤੰੜਉਣੇ ਮੁੱਦਿਆਂ ਨੂੰ ਆਪਣੀ ਜਨਤਕ ਸਰਗਰਮੀ ਦੀ ਟੇਕ ਬਣਾਉਣਾ ਕੁਥਾਂ ਟੱਕਰਾਂ ਮਾਰਨ ਵਾਲੀ ਗੱਲ ਹੋਵੇਗੀ ਜਦੋਂ ਕਿ ਜਨਤਕ ਲਾਮਬੰਦੀ ਤੇ ਜਦੋਜਹਿਦ ਪੱਖੋਂ ਤੰਤ-ਭਰਪੂਰ ਮੁੱਦੇ ਹੱਥ ਲਏ ਜਾਣ ਲਈ ਕੂਕ ਰਹੇ ਹਨ ਅਤੇ ਸਾਡੀਆਂ ਸੀਮਤ ਸ਼ਕਤੀਆਂ ਇਸ ਕੰਮ ਲਈ ਪੂਰੀਆਂ ਨਹੀਂ ਪੈ ਰਹੀਆਂ।

## ਹਾਸਲ ਹਾਲਤ ਦੀ ਵਿਸ਼ੇਸ਼ਤਾਈ ਨਾ ਵਿਸਾਰੀ ਜਾਵੇ

ਸਾਨੂੰ ਸਪਸ਼ਟ ਹੈ, ਜਨਤਕ ਲਾਮਬੰਦੀ ਤੇ ਘੋਲ ਦੀ ਲੋਕਾਂ ਦੀ ਦੁੱਖ-ਤਕਲੀਫ ਤੇ ਬੇਚੈਨੀ ਦੀ ਹਕੀਕੀ ਵਜ੍ਹਾ ਬਣੇ ਹੋਏ ਮਸਲਿਆਂ ਨੂੰ ਅਤੇ ਇਹਨਾਂ ਨਾਲ ਜੁੜੀਆਂ ਮੰਗਾਂ ਨੂੰ ਬਣਾਉਣਾ ਚਾਹੀਦਾ ਹੈ। ਉੱਭਰਵੀਆਂ ਜਮਾਤੀ ਤਬਕਾਤੀ ਮੰਗਾਂ ਨੂੰ ਵੀ ਅਤੇ ਲੋਕਾਂ ਦੀਆਂ ਸਾਂਝੀਆਂ ਆਰਥਕ, ਸਿਆਸੀ ਮੰਗਾਂ ਨੂੰ ਵੀ। ਪਰ, ਉਤਲਾ ਬਿਆਨ ਘੋਲ-ਮੁੱਦਿਆਂ ਬਾਰੇ ਸਾਡੇ ਪੈਂਤੜੇ ਦਾ ਆਮ ਬਿਆਨ ਬਣਦਾ ਹੈ। ਕਿਉਂਕਿ ਇਹ ਸਾਰੀਆਂ ਹਾਲਤਾਂ ਉਤੇ ਢੁਕਵੇਂ ਲੋਕ-ਪੱਖੀ ਪੈਂਤੜੇ ਨੂੰ ਦਰਸਾਉਂਦਾ ਹੈ, ਇਸ 'ਚੋਂ, ਖੁਦ-ਬ-ਖੁਦ, ਪੈਂਤੜੇ ਦੀ ਵਿਸ਼ੇਸ਼ਤਾਈ ਵਾਲਾ ਪੱਖ ਨਹੀਂ ਉੱਘੜਦਾ। ਪੈਂਤੜੇ ਦੀ ਵਿਸ਼ੇਸ਼ਤਾਈ ਮੌਜੂਦਾ ਹਾਲਤ ਦੀ ਵਿਸ਼ੇਸ਼ਤਾਈ ਨੂੰ ਸੰਬੰਧਤ ਹੋਣ

ਵਿਚ ਹੈ।

**ਘੋਲ-ਮੁੱਦਿਆਂ ਬਾਰੇ ਸਾਡਾ ਪੈਂਤੜਾ, ਮੌਜੂਦਾ ਹਾਲਤ ਨਾਲ ਸਬੰਧਤ ਸਾਡੇ ਕੁੱਲ-ਮਿਲਵੇਂ ਪੈਂਤੜੇ ਦਾ ਹੀ ਇੱਕ ਅੰਗ ਹੋਣਾ ਚਾਹੀਦਾ ਹੈ। ਮੌਜੂਦਾ ਹਾਲਤ ਅੰਦਰ, ਜਿਸ ਮੰਤਵ ਉੱਤੇ ਸਾਡੇ ਕੁੱਲ ਪੈਂਤੜੇ ਦੀ ਧੁੱਸ ਕੇਂਦਰਤ ਹੈ, ਘੋਲ-ਮੁੱਦਿਆਂ ਬਾਰੇ ਪੈਂਤੜਾ ਵੀ ਉਸੇ ਮੰਤਵ ਦੇ ਮੁਤਾਬਕ ਹੋਣਾ ਚਾਹੀਦਾ ਹੈ। ਅਤੇ ਉਹ ਮੰਤਵ ਹੈ ਫਿਰਕੂ ਤਿਲ੍ਹਕਾਅ ਵਾਲੀ ਮੂਲ-ਸਮੱਸਿਆ ਨੂੰ ਨਜਿੱਠਣਾ।**

ਇਸ ਪੱਖੋਂ ਦੇਖਿਆਂ, ਅੱਜ ਜਮਾਤੀ-ਤਬਕਾਤੀ ਮੰਗਾਂ ਜਾਂ ਲੋਕਾਂ ਦੀਆਂ ਸਾਂਝੀਆਂ ਆਰਥਕ, ਸਿਆਸੀ ਮੰਗਾਂ ਦੀ ਸਾਡੇ ਲਈ ਵਿਸ਼ੇਸ਼ ਮਹੱਤਤਾ ਇਸ ਗੱਲੋਂ ਹੈ ਕਿ ਇਹਨਾਂ ਦੁਆਲੇ ਕੀਤੀ ਲਾਮਬੰਦੀ ਤੇ ਜਦੋਜਹਿਦ, ਉਪਰੋਕਤ ਮੰਤਵ ਦੀ ਪੂਰਤੀ ਦਾ ਅਹਿਮ ਜ਼ਰੀਆ ਬਣ ਸਕਦੀ ਹੈ। ਇਕ ਇਸ ਤਰ੍ਹਾਂ ਕਿ ਅਜੇਹੀ ਸਰਗਰਮੀ ਲੋਕਾਂ ਦੇ ਆਰਥਕ ਸਮਾਜਕ ਹਿੱਤਾਂ ਦੀ ਬੁਨਿਆਦੀ ਸਾਂਝ ਦੇ ਆਧਾਰ 'ਤੇ ਪਾਲਾਬੰਦੀ ਹੋਣ ਦੀ ਸਾਰਥਕਤਾ ਨੂੰ ਉਭਾਰਦੀ ਹੈ, ਅਤੇ ਫਿਰਕੂ ਆਧਾਰ 'ਤੇ ਪਾਲਾਬੰਦੀ ਦੀ ਕੁਜੋੜਤਾ ਨੂੰ ਉਘਾੜਦੀ ਹੈ। ਦੂਜੇ ਇਸ ਤਰ੍ਹਾਂ ਕਿ ਅਜੇਹੀ ਸਰਗਰਮੀ ਲੋਕਾਂ ਦੀ ਆਰਥਕ-ਸਮਾਜਕ ਬੇਚੈਨੀ ਦੇ ਨਿਕਾਸ ਲਈ ਸੁਭਾਵਕ ਮੂੰਹਾਂ ਦਿੰਦੀ ਹੈ ਅਤੇ ਇਸ ਬੇਚੈਨੀ ਨੂੰ ਔਝੜੇ ਫਿਰਕੂ ਮੂੰਹੇਂ ਥਾਣੀਂ ਫੁੱਟਣ ਦੀ ਮੁਥਾਜ ਨਹੀਂ ਰਹਿਣ ਦਿੰਦੀ।

ਪਰ, ਡੁੱਬੀ ਤਾਂ ਜੇ ਸਾਹ ਨਾ ਆਇਆ। ਜੇਕਰ ਮੌਜੂਦਾ ਹਾਲਤ ਅੰਦਰ ਜਮਾਤੀ ਤਬਕਾਤੀ ਮੰਗਾਂ ਉੱਤੇ ਲਾਮਬੰਦੀ ਤੇ ਜਦੋ ਜਹਿਦ ਦੀ ਗੁੰਜਾਇਸ਼ ਨੂੰ ਭਰਪੂਰ ਰੂਪ 'ਚ ਸਾਕਾਰ ਕੀਤਾ ਜਾ ਸਕਦਾ ਹੋਵੇ, ਤਾਂ, ਲੋਕ-ਸਮੂਹਾਂ ਦੀ ਸੋਚ ਤੇ ਸਰਗਰਮੀ ਅੰਦਰ ਆਂਦਿਆਂ ਫਿਰਕੂ ਤਿਲ੍ਹਕਾਅ ਕੀ ਆਂਖ! ਫਿਰਕੂ ਤਿਲ੍ਹਕਾਅ ਦਾ ਇਹ ਵਰਤਾਰਾ ਜਿਹੜਾ ਮੌਜੂਦਾ ਹਾਲਤ ਦੀ ਵਿਸ਼ੇਸ਼ਤਾਈ ਨੂੰ ਮਿੱਥਦਾ ਹੈ, ਜਮਾਤੀ ਲਾਮਬੰਦੀ ਤੇ ਜਦੋਜਹਿਦ ਦੇ ਵਧਾਰੇ ਪਸਾਰੇ ਦੀ ਸੀਮਤਾਈ ਵੀ ਮਿੱਥ ਦਿੰਦਾ ਹੈ (ਭਾਵੇਂ ਕਿ ਇਹ ਠੀਕ ਹੈ ਕਿ ਇਹ ਵਰਤਾਰਾ ਜਮਾਤੀ ਲਾਮਬੰਦੀ ਤੇ ਜਦੋਜਹਿਦ ਦੇ ਵਧਾਰੇ-ਪਸਾਰੇ ਨੂੰ ਮੋਢਾ ਨਹੀਂ ਲਾ ਸਕਦਾ। ਫਿਰਕੂ ਤਿਲ੍ਹਕਾਅ ਦੇ ਹੁੰਦਿਆਂ ਵੀ, ਇਕ ਹੱਦ ਤੱਕ ਅਜੇਹੀ ਲਾਮਬੰਦੀ ਤੇ ਜਦੋਜਹਿਦ ਦੀ ਗੁੰਜਾਇਸ਼ ਸਾਕਾਰ ਕੀਤੀ ਜਾ ਸਕਦੀ ਹੈ। ਕਿਉਂਕਿ, ਇਹ ਲੋਕਾਂ ਦੇ ਹਕੀਕੀ ਤੇ ਭਖਦੇ ਮਸਲਿਆਂ ਉੱਤੇ ਟਿੱਕੀ ਹੋਵੇਗੀ, ਬਨਾਉਟੀ ਤੌਰ 'ਤੇ ਫੁਲਾਏ ਹੋਏ ਮਸਲਿਆਂ ਤੇ ਨਹੀਂ।)

ਮੌਜੂਦਾ ਹਾਲਤ ਜਮਾਤੀ-ਤਬਕਾਤੀ ਮੰਗਾਂ ਉੱਤੇ ਰੋਜ-ਮਰ੍ਹਾ ਦੀ ਸਰਗਰਮੀ ਦੇ ਇਕ ਹੋਰ ਊਣੇ ਪੱਖ ਵੱਲੀ ਵੀ ਇਸ਼ਾਰਾ ਕਰਦੀ ਹੈ। ਅਜੇਹੀ ਸਰਗਰਮੀ ਬਹੁਤੇ ਮਾਮਲਿਆਂ 'ਚ, ਨਾ ਸਿਰਫ਼ ਟੁੱਟਵੀਂ 'ਕਹਿਰੀ ਤੇ ਸੀਮਤ ਉਠਾਣ ਵਾਲੀ ਹੋਣ ਕਰਕੇ, ਲੋਕਾਂ ਅੰਦਰਲੀ ਵਿਆਪਕ ਬੇਚੈਨੀ ਦਾ ਅਸਰਦਾਰ ਪਰਗਟਾਵਾ ਨਹੀਂ ਬਣ ਰਹੀ, ਸਗੋਂ ਅੰਸ਼ਕ ਹੱਲਾਂ ਦੇ ਸੌੜੇ ਘੇਰੇ ਵਿੱਚ ਕੈਦ ਰਹਿਣ ਕਰਕੇ ਇਸ ਬੇਚੈਨੀ ਦਾ ਪੂਰਾ ਹੁੰਘਾਰਾ ਵੀ ਨਹੀਂ ਬਣਦੀ। ਬੇਚੈਨ ਲੋਕ-ਸਮੂਹਾਂ ਦੇ ਮਨਾਂ 'ਚ, ਖਾਸ ਕਰਕੇ ਕਿਸਾਨੀ ਦੀਆਂ ਹੇਠਲੀਆਂ ਤਹਿਆਂ ਦੇ ਮਨਾਂ 'ਚ ਕਾਇਮਕਾਮ ਸਮਾਜਕ-ਸਿਆਸੀ ਹਾਲਤ ਅੰਦਰ ਕੋਈ ਤਿੱਖੀ ਤਬਦੀਲੀ ਹੋਣ ਦੀ ਲੋੜ ਦਾ ਅਹਿਸਾਸ ਪਲ ਰਿਹਾ ਹੈ। ਮੌਜੂਦਾ ਹਲਚਲ ਵਿਚੋਂ, ਉਹਨਾਂ ਨੂੰ ਅਜੇਹੀ ਕਿਸੇ ਹੋਣੀ ਦੇ ਬੁਚੱਕੇ ਪੈਂਦੇ ਹਨ ਇਸ ਲਈ ਬੁਨਿਆਦੀ ਸਮਾਜਕ ਤਬਦੀਲੀ ਦੇ ਸਿਆਸੀ ਸੁਆਲ ਨੂੰ ਮੁਖਾਤਬ ਹੋਏ ਬਿਨਾਂ, ਅੰਸ਼ਕ ਜਮਾਤੀ-ਤਬਕਾਤੀ ਮੰਗਾਂ ਦੁਆਲੇ ਹੋਣ ਵਾਲੀ ਸਰਗਰਮੀ, ਫਿਰਕੂ ਤਿਲ੍ਹਕਾਅਨੂੰ ਨਕਾਰਨ ਦਾ ਅਹਿਮ ਜ਼ਰੀਆ ਨਹੀਂ ਬਣ ਸਕਦੀ।

ਇਸ ਕਰਕੇ, ਘੋਲ-ਮੁੱਦਿਆਂ ਬਾਰੇ ਪੈਂਤੜੇ ਦੀ ਠੋਸ ਨੁਹਾਰ ਘੜਨ ਵਾਸਤੇ ਇਹ ਜ਼ਰੂਰੀ ਹੈ ਕਿ ਪਹਿਲਾਂ-ਬਿਆਨੇ ਮੰਤਵ ਦੀ ਪੂਰਤੀ ਦੇ ਜ਼ਰੀਏ ਵਜੋਂ ਜਮਾਤੀ-ਤਬਕਾਤੀ ਮੰਗਾਂ ਉੱਤੇ ਲਾਮਬੰਦੀ ਤੇ ਜਦੋਜਹਿਦ ਦੇ ਰੋਲ ਦੀ ਮਹੱਤਤਾ ਨੂੰ ਤੇ ਸੀਮਤਾਈ ਨੂੰ ਪਛਾਣਦਿਆਂ ਇਸਦਾ ਤਰਜੀਹ-ਸਥਾਨ ਟਿੱਕਿਆ ਜਾਵੇ।

ਜਮਾਤੀ-ਤਬਕਾਤੀ ਮੰਗਾਂ ਉੱਤੇ ਲਾਮਬੰਦੀ ਤੇ ਜਦੋਜਹਿਦ ਉਸਾਰਨ ਬਾਝੋਂ, ਫਿਰਕੂ ਤਿਲ੍ਹਕਾਅ ਵਿਰੁੱਧ ਵਿੱਢੀ ਸਾਡੀ ਲੜਾਈ ਦਾ ਮਜ਼ਬੂਤ ਜਨਤਕ ਆਧਾਰ ਨਹੀਂ ਬਣ ਸਕਦਾ। ਇਸ ਲਈ, ਇਹ ਇਸ ਲੜਾਈ ਨੂੰ ਪਰਭਾਵਤ ਕਰਨ ਵਾਲਾ ਬੁਨਿਆਦੀ ਅੰਸ਼ ਹੈ। ਪਰ, **ਇਹ ਮੋਹਰੀ ਅੰਸ਼ ਨਹੀਂ ਹੈ।** ਕਿਉਂਕਿ, ਫਿਰਕੂ ਤਿਲ੍ਹਕਾਅ ਨੂੰ ਨੱਥ ਮਾਰੇ ਬਾਝੋਂ, ਜਮਾਤੀ ਲਾਮਬੰਦੀ ਤੇ ਜਦੋਜਹਿਦ ਦੇ ਵੇਗ ਫੜਨ ਲਈ ਰਾਹ ਪੱਧਰਾ ਨਹੀਂ ਹੋ ਸਕਦਾ। ਫਿਰਕੂ ਤਿਲ੍ਹਕਾਅ ਨੂੰ ਨੱਥ ਮਾਰਨ 'ਚ ਮੋਹਰੀ ਰੋਲ ਉਸ ਲਾਮਬੰਦੀ ਤੇ ਜਦੋਜਹਿਦ ਦਾ ਹੋਣਾ ਹੈ ਜਿਹੜੀ ਮੌਜੂਦਾ ਹਾਲਤ ਅੰਦਰ ਉੱਭਰੇ ਵਿਸ਼ੇਸ਼ ਮਸਲਿਆਂ ਦੁਆਲੇ ਉਸਰੇਗੀ।

ਮੌਜੂਦਾ ਹਾਲਤ ਅੰਦਰ ਉੱਭਰੇ ਵਿਸ਼ੇਸ਼ ਮਸਲਿਆਂ ਬਾਰੇ ਹੋਰ ਗੱਲ ਕਰਨ ਤੋਂ ਪਹਿਲਾਂ ਚਲਦੀ ਗੱਲ ਦਾ

ਸਿਰਾ ਮੇਲ ਲਈਏ । ਅੱਜ ਦੇ ਮੌਕੇ ਸਾਡੀ ਉੱਦਮ-ਤਰਜੀਹ ਅੰਦਰ, ਜਮਾਤੀ ਤਬਕਾਤੀ ਮੰਗਾਂ ਉੱਤੇ ਲਾਮਬੰਦੀ ਤੇ ਜਦੋਜਹਿਦ ਦਾ ਰੁਤਬਾ ਪਹਿਲ ਵਾਲਾ ਨਹੀਂ ਬਣਦਾ ਪਰ ਤਾਂ ਵੀ ਅਹਿਮ ਰੁਤਬਾ ਬਣਦਾ ਹੈ । ਵਿਸ਼ੇਸ਼ ਮਸਲਿਆਂ 'ਉੱਤੇ ਹੋਣ ਵਾਲੀ ਪਹਿਲ ਵਾਲੀ ਸਰਗਰਮੀ ਨਾਲ ਗੁੰਦਵੇਂ ਰੂਪ ਵਿਚ ਚਲਦਿਆਂ ਅਤੇ ਬੁਨਿਆਦੀ ਸਮਾਜਕ ਤਬਦੀਲੀ ਦੇ ਸਿਆਸੀ ਸੁਆਲੋ ਨੂੰ ਕਲਾਵੇ ਵਿੱਚ ਲੈ ਕੇ ਚੱਲਦਿਆਂ, ਅਜੇਹੀ ਲਾਮਬੰਦੀ ਤੇ ਜਦੋ ਜਹਿਦ ਸਾਡੇ ਤਹਿ-ਸ਼ੁਦਾ ਮੰਤਵ ਦੀ ਪੂਰਤੀ ਦਾ ਅਹਿਮ ਜ਼ਰੀਆ ਬਣਨੀ ਹੈ। (ਉਪਰੋਕਤ ਮੰਤਵ ਨਾਲੋਂ ਤੋੜ ਕੇ ਜਮਾਤੀ-ਤਬਕਾਤੀ ਮੰਗਾਂ ਦੁਆਲੇ ਸਰਗਰਮੀ ਕਰਨ ਦਾ ਪੈਂਤੜਾ, ਹਾਸਲ ਹਾਲਤ ਦੀ ਵਿਸ਼ੇਸ਼ਤਾਈ ਤੋਂ ਬੇਮੁੱਖ ਹੋਣ ਵਾਲਾ ਤੇ ਅਣ-ਢੁੱਕਵਾਂ ਪੈਂਤੜਾ ਬਣਦਾ ਹੈ। ਅਜਿਹਾ ਪੈਂਤੜਾਂ, ਲੋਕ-ਪੱਖੀ ਭਾਵਨਾ 'ਚੋਂ ਉਪਜਿਆ ਹੋ ਕੇ ਵੀ, ਬਾਹਰਮੁਖੀ ਤੌਰ 'ਤੇ ਮੌਕਾਪ੍ਰਸਤ ਪੈਂਤੜਾ ਬਣਦਾ ਹੈ। ਇਹ ਭਾਵੇਂ "ਖੱਬੂ" (ਕੱਟੜ ਪੰਥੀ) ਸ਼ਕਲ ਅਖਤਿਆਰ ਕਰ ਲਵੇ ਅਤੇ ਠੋਸ ਹਾਲਤ ਤੋਂ ਬੇਲਾਗ ਰਹਿੰਦੀਆਂ ਜਮਾਤੀ ਘੋਲ ਉੱਤੇ ਤਾਣ ਕੇਂਦਰਤ ਕਰਨ ਦੀ ਵਕਾਲਣ ਕਰੇ, ਭਾਵੇਂ ਸੱਜੂ (ਆਰਥਕਵਾਦੀ) ਸ਼ਕਲ ਅਖਤਿਆਰ ਕਰ ਲਵੇ ਅਤੇ ਲੋਕ-ਸਮੂਹਾਂ ਦੇ ਮਨਾਂ ਅੰਦਰ ਜਾਗੇ ਸਿਆਸੀ ਸਰੋਕਾਰਾਂ ਤੋਂ ਬੇਲਾਗ ਰਹਿੰਦਿਆਂ ਅੰਸ਼ਕ-ਤਬਕਾਤੀ ਮੰਗਾਂ ਉੱਤੇ ਤਾਣ ਕੇਂਦਰਤ ਕਰਨ ਦੀ ਵਕਾਲਤ ਕਰੇ ।)

ਮੌਜੂਦਾ ਹਾਲਤ ਅੰਦਰ ਉੱਭਰੇ ਵਿਸ਼ੇਸ਼ ਮਸਲੇ, ਇਕ ਜਾਂ ਦੂਜੇ ਰੂਪ 'ਚ ਫਿਰਕੂ ਜਨੂੰਨੀ ਜ਼ਹਿਰ-ਪਸਾਰੇ ਤੇ ਕਾਰਵਾਈਆਂ ਅਤੇ ਲੋਕ-ਵਿਰੋਧੀ ਦਹਿਸ਼ਤਗਰਦੀ ਦੇ ਮੁਤੱਲਕ ਹਨ। ਮਿਸਾਲ ਦੇ ਤੌਰ 'ਤੇ, ਅੱਜ ਸਧਾਰਨ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਦਾ ਮਸਲਾ ਇਕ ਵਿਸ਼ੇਸ਼ ਮਸਲਾ ਬਣਦਾ ਹੈ। ਇਹ ਸੁਰੱਖਿਆ ਖਾਲਸਤਾਨੀ ਕਾਤਲੀ ਗਰੋਹਾਂ ਤੇ ਗੁੰਡਾ-ਗਰੋਹਾਂ ਤੋਂ ਕਰਨੀ ਹੋਵੇ ਜਾਂ ਬੇਲਗਾਮ ਹੋਈਆਂ ਪੁਲਸੀ ਧਾੜਾਂ ਤੋਂ ਕਰਨੀ ਹੋਵੇ, ਜਾਂ ਪੰਜਾਬੋਂ ਬਾਹਰ ਹਿੰਦੂ ਜਨੂੰਨੀ ਦੰਗੇਬਾਜ਼ਾਂ ਤੇ ਗੁੰਡਾ-ਅਨਸਰਾਂ ਤੋਂ ਕਰਨੀ ਹੋਵੇ। ਅੱਜ, ਛੋਟੇ ਕਿਤਿਆਂ ਵਾਲਿਆਂ ਤੇ ਦਿਹਾੜੀਦਾਰਾਂ ਦੀ ਰੁਜ਼ਗਾਰ-ਮਾਰੀ ਦਾ ਮਸਲਾ, ਇਕ ਵਿਸ਼ੇਸ਼ ਮਸਲਾ ਬਣਦਾ ਹੈ । ਇਹ ਰੁਜ਼ਗਾਰ-ਮਾਰੀ ਖਾਲਸਤਾਨੀ ਧੌਂਸਗਿਰੀ ਕਰਕੇ ਹੋ ਰਹੀ ਹੋਵੇ ਜਾਂ ਸ਼ਿਵ-ਸੈਨੀਆਂ ਦੇ ਜਬਰਨ ਬੰਦਾਂ ਕਰਕੇ ਜਾਂ ਬੇਹਿਸਾਬੇ ਸਰਕਾਰੀ ਕਰਫਿਊਆਂ ਕਰਕੇ। ਅੱਜ ਹਰ ਹੋਸ਼ਮੰਦ ਤੇ ਇਨਸਾਫ਼-ਪਸੰਦ ਵਿਅਕਤੀ ਦੀ ਜਬਰਨ ਜ਼ਬਾਨ-ਬੰਦੀ ਦਾ ਮਸਲਾ, ਇਕ ਵਿਸ਼ੇਸ਼ ਮਸਲਾ ਬਣਦਾ ਹੈ। ਅੱਜ ਧਾਰਮਕ ਪਰਦੇ ਹੇਠ ਜਥੇਬੰਦ ਕੀਤੇ ਜਾ ਰਹੇ ਭੜਕਾਊ ਤੇ ਦਬਸ਼-ਪਾਊ ਜਲੂਸ, ਸਮਾਗਮ ਅਤੇ ਕਾਲਜਾਂ, ਯੂਨੀਵਰਸਿਟੀਆਂ ਦੇ ਅਧਿਕਾਰੀਆਂ ਤੇ ਸਰਕਾਰੀ ਬੁਲਾਰਿਆਂ ਵਲੋਂ ਉਤਸ਼ਾਹਤ ਕੀਤੀ ਜਾ ਰਹੀ ਮਜ਼ਬੀ ਅੰਧ ਗੁਮਾਲ (ਸ਼ਾਵਨਿਜ਼ਮ) ਦੀ ਬਿਰਤੀ ਦਾ ਮਸਲਾ, ਇਕ ਵਿਸ਼ੇਸ਼ ਮਸਲਾ ਬਣਦਾ ਹੈ ।

ਇਹਨਾਂ ਮਸਲਿਆਂ ਤੇ ਜੁੜਵੀਆਂ ਮੰਗਾਂ ਦੀ ਘੋਲ ਮੁੱਦਿਆਂ ਵਜੋਂ ਉਭਰਵੀਂ ਮਹੱਤਤਾ, ਨਾ ਸਿਰਫ ਇਸ ਕਰਕੇ ਹੈ ਕਿ ਇਹ ਲੋਕ ਸਮੂਹਾਂ ਦੀ ਜ਼ਿੰਦਗੀ ਨੂੰ ਪਰਭਾਵਤ ਕਰ ਰਹੇ ਭਖਵੇਂ ਤੇ ਹਕੀਕੀ ਮਸਲੇ ਹਨ, ਸਗੋਂ ਇਸ ਕਰਕੇ ਵੀ ਹੈ ਕਿ ਨਜਿੱਠੇ ਨਾ ਜਾਣ ਦੀ ਸੂਰਤ 'ਚ, ਇਹ ਫਿਰਕੂ ਤਲੁਕਾਅ ਦੀ ਹਾਲਤ ਨੂੰ ਬਰਕਰਾਰ ਰੱਖਣ ਤੇ ਤਿੱਖੀ ਕਰਨ ਦਾ ਜ਼ਰੀਆ ਬਣਦੇ ਹਨ। ਇਸ ਕਰਕੇ, ਅਜਿਹੇ ਮਸਲਿਆਂ ਨੂੰ ਲੈ ਕੇ ਕੀਤੀ ਜਨਤਕ ਲਾਮਬੰਦੀ ਤੇ ਜਦੋਜਹਿਦ ਵੇਲੇ ਦੇ ਸਾਡੇ ਉੱਭਰਵੇਂ ਕਾਰਜ, ਯਾਨੀ ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਕਾਰਜ, ਨੂੰ ਨਿਭਾਉਣ ਦਾ ਸਿੱਧਾ ਜ਼ਰੀਆ ਬਣਦੀ ਹੈ । (ਜਮਾਤੀ-ਤਬਕਾਤੀ ਮੰਗਾਂ ਅਤੇ ਲੋਕਾਂ ਦੀਆਂ ਹੋਰ ਸਾਂਝੀਆਂ ਆਰਥਕ ਸਿਆਸੀ ਮੰਗਾਂ ਨੂੰ ਲੈ ਕੇ ਕੀਤੀ ਜਨਤਕ ਲਾਮਬੰਦੀ ਤੇ ਜਦੋਜਹਿਦ, ਏਸੇ ਕਾਰਜ ਨੂੰ ਨਿਭਾਉਣ ਦਾ ਅਸਿੱਧਾ ਜ਼ਰੀਆ ਬਣਦੀ ਹੈ।)

ਅਜਿਹੇ ਅਨੇਕ-ਰੂਪੀ ਵਿਸ਼ੇਸ਼ ਮਸਲਿਆਂ ਦੇ ਧੁਰੇ ਸਮਾਨ ਮਸਲਾ ਹੈ, ਲੋਕ-ਵਿਰੋਧੀ ਦਹਿਸ਼ਤਗਰਦੀ ਤੋਂ ਘੱਟ ਗਿਣਤੀ ਫਿਰਕਿਆਂ ਦੇ ਅਤੇ ਹੋਰ ਸਧਾਰਨ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਦਾ ਮਸਲਾ। ਇਸ ਸਬੰਧ 'ਚ ਪੰਜਾਬੋਂ ਬਾਹਰ ਸਧਾਰਨ ਸਿੱਖਾਂ ਦੀ ਮਾਰ-ਕਾਟ ਤੇ ਉਜਾੜਾ ਕਰਨ ਦੇ ਅਤੇ ਪੰਜਾਬ ਅੰਦਰ ਸਧਾਰਨ ਹਿੰਦੂਆਂ ਤੇ ਹੋਰ ਲੋਕਾਂ ਦੀ ਮਾਰ ਕਾਟ ਤੇ ਉਜਾੜਾ ਕਰਨ ਦੇ ਦੋਸ਼ੀਆਂ ਨੂੰ ਅਤੇ ਉਹਨਾਂ ਦੇ ਰਾਜਕੀ-ਸਿਆਸੀ ਸਰਪ੍ਰਸਤਾਂ ਨੂੰ ਕਰੜੀਆਂ ਸਜ਼ਾਵਾਂ ਦੇਣ ਦੀ ਮੰਗ, ਸਾਡੇ ਲਈ ਅਹਿਮ ਘੋਲ-ਮੁੱਦਾ ਬਣਦਾ ਹੈ। ਏਸੇ ਸੰਬੰਧ 'ਚ, ਆਮ ਜਨਤਾ ਨੂੰ ਆਪਾ-ਸੁਰੱਖਿਆ ਖਾਤਰ ਬਿਨਾਂ ਲਸੰਸ ਅਸਲਾ ਰੱਖਣ ਦਾ ਹੱਕ ਹੋਣ ਦੀ ਮੰਗ, ਸਾਡੇ ਲਈ ਘੋਲ-ਮੁੱਦਾ ਬਣਦਾ ਹੈ । ਰਾਜ-ਅਧਿਕਾਰੀਆਂ ਤੇ ਅਦਾਰਿਆਂ ਵਲੋਂ ਕਿਸੇ ਵੀ ਧਰਮ ਦੇ ਮਾਮਲੇ 'ਚ, ਨਾ ਸਰਪ੍ਰਸਤੀ ਕਰਨ ਅਤੇ ਨਾ ਦਖਲ ਅੰਦਾਜ਼ੀ ਕਰਨ ਦੀ ਮੰਗ, ਸਾਡੇ ਲਈ ਘੋਲ-ਮੁੱਦਾ ਬਣਦਾ ਹੈ। ਆਪਣੇ ਸਿਆਸੀ ਹੱਕਾਂ ਤੇ ਕਮਾਈ ਦੀ ਰਾਖੀ ਲਈ ਚੱਲ ਰਹੀ ਤੇ ਚੱਲਣ ਵਾਲੀ ਲੋਕ-ਜਦੋਜਹਿਦ ਦੇ ਸਿਰ ਉੱਤੇ ਲਟਕਾਈ, ਕਾਲੇ ਕਾਨੂੰਨਾਂ ਦੀ ਤਲਵਾਰ ਨੂੰ ਹਟਾਉਣ ਦੀ ਮੰਗ, ਝੂਠੇ ਪੁਲਸ-ਮੁਕਾਬਲਿਆਂ ਦੀ ਆੜ ਹੇਠ, ਗਿਰਫਤਾਰ ਬੰਦੇ ਨੂੰ ਕਤਲ ਕਰਨ ਦੀ ਪੁਲਸ-ਰੀਤ ਬੰਦ

ਕਰਨ ਦੀ ਮੰਗ, ਵਗੈਰਾ ਵਗੈਰਾ ਸਾਡੇ ਲਈ ਘੋਲ-ਮੁੱਦੇ ਬਣਦੇ ਹਨ।

ਮੁੱਕਦੀ ਗੱਲ, ਮੌਜੂਦਾ ਹਾਲਤ ਸੰਬੰਧੀ ਸਾਡੇ ਇਕ ਤਾਰ ਪੈਂਤੜੇ ਦਾ ਤਕਾਜ਼ਾ ਹੈ ਕਿ ਘੋਲ-ਮੁੱਦਿਆਂ ਨੂੰ ਟਿੱਕਣ ਅਤੇ ਇਹਨਾਂ ਦੀ ਮਹੱਤਵ-ਤਰਜ਼ੀਹ ਤਹਿ ਕਰਨ ਦਾ ਪੈਮਾਨਾ, ਇਸ ਗੱਲ ਨੂੰ ਬਣਾਇਆ ਜਾਵੇ ਕਿ ਕਿਸ ਹੱਦ ਤੱਕ ਇਹ ਲੋਕਾਂ ਦੇ ਹਕੀਕੀ ਤੇ ਭਖਵੇਂ ਮਸਲੇ ਬਣਦੇ ਹਨੇ ਅਤੇ ਫਿਰਕੂ ਤ੍ਰਿਲੰਕਾਅ ਦੀ ਹਾਲਤ ਦੇ ਖੁਰਨ 'ਚ ਰੁਕਾਵਟ ਬਣ ਰਹੇ ਹਨ।

ਘੋਲ-ਮੁੱਦਿਆਂ ਦੇ ਸੁਆਲ 'ਤੇ ਉਪਰੋਕਤ ਪਹੁੰਚ ਤੇ ਪੈਂਤੜੇ ਬਾਰੇ, ਰਲਦੀ-ਮਿਲਦੀ ਸਮਝ ਬਣ ਜਾਣ ਨਾਲ, ਕਮਿਊਨਿਸਟ ਇਨ: ਗਰੁੱਪ ਪੰਜਾਬ ਮਸਲੇ ਬਾਰੇ ਬੁਨਿਆਦੀ ਸੰਮਤੀ ਹਾਸਲ ਕਰ ਸਕਦੇ ਹਨ, ਅਤੇ ਇਸ ਤਰ੍ਹਾਂ ਹਾਲਤ ਅੰਦਰਦਾਰ ਇਕ ਜੁੱਟ ਦਖਲ ਅੰਦਾਜ਼ੀ ਕਰਨ ਜੋਗਰੇ ਹੋ ਸਕਦੇ ਹਨ।

o

## ਪੁਰਾਤਨਤਾ ਨਾਲ ਭਾਵੁਕ ਮੋਹ ਅਤੇ ਯਥਾਰਥ ਨਾਲ ਮਾਨਵੀ ਸਾਂਝ ਦੀਆਂ ਕਹਾਣੀਆਂ

### (ਮਿਤਰਸੈਨ ਮੀਤ ਦੀਆਂ ਦੋ ਕਹਾਣੀਆਂ ਵਿਰਾਸਤ ਅਤੇ ਖਾਨਾਪੁਰੀ ਦਾ ਅਧਿਐਨ)

ਸਮਾਜਵਾਦ ਪ੍ਰਤੀ ਨਿਸਚਾ ਅਤੇ ਉਸ ਲਈ ਕਰਮਸ਼ੀਲ ਹੋਣਾ ਦੋ ਵੱਖਰੀਆਂ ਵਖਰੀਆਂ ਗੱਲਾਂ ਹਨ। ਪੂੰਜੀਪਤੀ ਸੰਸਾਰ ਦੀ ਤਬਾਹੀ ਆਪਣੇ ਆਪ ਵਿਚ ਹੀ ਸਮਾਜਵਾਦ ਜਾਂ ਉਸਤੋਂ ਅੱਗੇ ਸਾਮਵਾਦ ਨਹੀਂ। ਕਰਾਂਤੀਕਾਰੀ ਸਮਾਜਵਾਦੀ ਸਾਹਿਤ ਦਾ ਮੂਲ ਉਦੇਸ਼ ਪੂੰਜੀਪਤੀ ਸਮਾਜ ਦੀ ਸੰਕਟਮਈ ਅਵੱਸਥਾ ਨੂੰ ਫੜ ਕੇ 'ਸੋਸ਼ਤ' ਮਨੁੱਖਾਂ ਨੂੰ ਉਸ ਸਮਾਜ ਦੇ ਸੰਕਟ ਅਤੇ ਸੋਸ਼ਨ ਦੀਆਂ ਪ੍ਰਵਿਰਤੀਆਂ ਤੋਂ ਜਾਣੂ ਕਰਾਕੇ ਉਹਨਾਂ ਦੀ ਅਸੰਤੁਸ਼ਟਤਾ ਨੂੰ ਇਕ ਨਰੋਏ ਸਮਾਜਵਾਦੀ ਸਮਾਜ ਦੀ ਸਿਰਜਣਾ ਕਰਨ ਲਈ ਸੇਧ ਦੇਣਾ ਅਤੇ ਸਮਾਜਵਾਦੀ ਸਮਾਜ ਦੀਆਂ ਕੀਮਤਾਂ ਦੀ ਸਥਾਪਤੀ ਵਿਚ ਲੋਕ ਭਰੋਸਾ ਤਿਆਰ ਕਰਨਾਂ ਅਤੇ ਅੱਗੇ ਸਾਮਵਾਦੀ ਸਾਂਝੀਵਾਲਤਾ ਦੇ ਜਮਾਤ ਰਹਿਤ ਸਮਾਜ ਦੀ ਉਸਾਰੀ ਲਈ ਉਤੇਜਿਤ ਕਰਨਾ ਹੈ। ਪੂੰਜੀਪਤੀ ਸਮਾਜ ਦੀ ਸੰਕਟਮਈ ਸਥਿਤੀ ਕਾਰਨ ਉਸਨੂੰ ਢਾਹੁਣਾ ਅਤੇ ਪ੍ਰੋਲੇਤਾਰੀ ਦੇ ਹੱਥ ਤਾਕਤ ਦੇ ਕੇ ਸਮਾਜਵਾਦੀ ਸਮਾਜ ਦੀ ਰਾਜਨੀਤਕ ਤਾਕਤ ਕਾਇਮ ਕਰਨਾ ਔਖਾ ਕੰਮ ਨਹੀਂ। ਸਗੋਂ ਕਰਾਂਤੀਕਾਰੀ ਸਮਾਜਵਾਦੀ ਲੇਖਕ ਲਈ ਸਭ ਤੋਂ ਮਹੱਤਵਪੂਰਨ ਅਤੇ ਗੰਭੀਰ ਕੰਮ ਸਮਾਜਵਾਦੀ ਸਮਾਜ ਦੀਆਂ ਕੀਮਤਾਂ ਨੂੰ ਕਾਇਮ ਕਰਨ ਵਿਚ ਲੋਕ ਭਰੋਸੇ ਦੀ ਉਤਪਤੀ ਕਰਨਾ ਹੈ। ਉਸਨੇ ਇਕ ਪਾਸੇ ਸਮਾਜਵਾਦੀ ਸਮਾਜ ਦੀ ਸਥਾਪਨਾ ਨੂੰ ਚਾਹਿਤ ਅਤੇ ਜੀਣ ਦਾ ਵਧੀਆ ਢੰਗ ਕਰਾਰ ਦੇਣਾ ਹੈ ਅਤੇ ਨਾਲ ਹੀ ਉਲਟ ਇਨਕਲਾਬ ਦੀ ਸੰਭਾਵਨਾ ਨੂੰ ਲੋਕ ਰੁਚੀਆਂ ਵਿਚੋਂ ਸਦਾ ਲਈ ਕੱਢਣਾ ਹੈ। ਦੂਜੇ ਪਾਸੇ ਸਾਮਵਾਦੀ ਸਮਾਜ ਦੀ ਸਥਾਪਤੀ ਲਈ ਲਗਾਤਾਰ ਜਦੋ ਜਹਿਦ ਕਰਨ ਲਈ ਲੋਕ ਭਾਵਨਾ ਪੈਦਾ ਕਰਨਾ ਹੈ। ਸਾਡੇ ਲੇਖਕਾਂ ਨੂੰ ਇਸ ਗੱਲ ਦਾ ਧਿਆਨ ਰੱਖਣਾ ਪਏਗਾ ਕਿ ਕੀ ਅਸੀਂ ਪੁਰਾਤਨਤਾ ਨਾਲ ਭਾਵੁਕ ਮੋਹ ਅਤੇ ਯਥਾਰਥ ਨਾਲ ਮਾਨਵੀ ਸਾਂਝ ਦੇ ਦਵੰਦ ਨੂੰ ਬਾਹਰਮੁਖੀ ਵਸਤੂਪਰਕ ਪ੍ਰਸੰਗ ਵਿਚ ਸਮਝ ਲਿਆ ਹੈ ਜਾਂ ਕੇਵਲ ਪੂੰਜੀਵਾਦ ਦੇ ਵਿਰੋਧ ਵਿਚ ਹੀ ਇਕ ਕਿਤਾਬੀ ਪ੍ਰੀਭਾਸ਼ਾ ਵਜੋਂ ਹੀ ਸਵੀਕਾਰ ਕੀਤਾ ਹੈ। ਅਸੀਂ ਬਿਲਕੁਲ ਗਲਤ ਵਿਧੀ ਅਪਣਾ ਰਹੇ ਹੋਵਾਂਗੇ ਜੇ ਅਸੀਂ ਪਹਿਲਾਂ ਪਾਠ ਪੁਸਤਕਾਂ ਵਿਚੋਂ ਪ੍ਰੀਭਾਸ਼ਾਵਾਂ ਦੀ ਭਾਲ ਕਰਨ ਵੱਲ ਰੁਚਿਤ ਹੋਈਏ। ਸਾਡੀ ਵਿਧੀ ਪ੍ਰੀਭਾਸ਼ਾਵਾਂ ਤੋਂ ਨਹੀਂ ਸਗੋਂ ਤੱਥਾਂ ਉਤੇ ਅਧਾਰਤ ਵਿਸ਼ਲੇਸ਼ਨ ਮੁੱਖੀ ਹੋਣੀ ਚਾਹੀਦੀ ਹੈ। ਮਿਤਰ ਸੈਨ ਮੀਤ ਦੀਆਂ ਦੋ ਕਹਾਣੀ 'ਵਿਰਾਸਤ' ਅਤੇ 'ਖਾਨਾ ਪੁਰੀ' ਜੋ ਉਸਦੇ ਕਹਾਣੀ ਸੰਗ੍ਰਹਿ 'ਲਾਮ' ਦੀਆਂ ਮੇਰੇ ਅਨੁਸਾਰ ਪ੍ਰਤੀਨਿਧ ਕਹਾਣੀਆਂ ਹਨ ਦਾ ਵਿਸ਼ਲੇਸ਼ਨ ਮੈਂ ਉਪਰੋਕਤ ਸੰਦਰਭ ਵਿਚ ਹੀ ਕਰਾਂਗਾ।

ਪਹਿਲੀ ਕਹਾਣੀ 'ਵਿਰਾਸਤ' ਵਿਚ ਕਹਾਣੀ ਦਾ ਨਾਇਕ ਰਾਮ ਦਿਆਲ ਅਤੇ ਉਸ ਦੀ ਪਤਨੀ ਤੇਜੋ ਪੂੰਜੀਪਤੀ ਵਿਕਾਸ ਨਾਲ ਉਸਰ ਰਹੀਆਂ ਨਵੀਆਂ ਸਵਿਆਚਾਰਕ, ਸਦਾਚਾਰਕ, ਸਮਾਜਕ-ਆਰਥਿਕ ਕੀਮਤਾਂ ਅਤੇ ਪੁਰਾਤਨ ਰੂੜ੍ਹੀਵਾਦੀ ਜਗੀਰੂ ਕਦਰਾਂ ਕੀਮਤਾਂ ਦੇ ਦਵੰਦ ਦਾ ਸ਼ਿਕਾਰ ਹਨ। ਇਹ ਬਿਲਕੁਲ ਤੱਥ ਅਧਾਰਤ ਹੈ ਕਿ ਪੂੰਜੀਪਤੀ ਉਸਾਰ ਨਾਲ ਉਪਜੀਆਂ ਨਵੀਆਂ ਕੀਮਤਾਂ ਮਨੁੱਖ ਮਾਰੂ ਹਨ ਪਰ ਇਨ੍ਹਾਂ ਦਾ ਵਿਰੋਧ ਪੁਰਾਤਨ ਜਗੀਰੂ ਕੀਮਤਾਂ ਨਾਲ ਭਾਵੁਕ ਮੋਹ ਦੀ ਭਾਵਨਾ ਪੈਦਾ ਕਰਕੇ ਨਹੀਂ ਹੋ ਸਕਦਾ। ਇਸ ਕਹਾਣੀ ਵਿਚ ਰਾਮ ਦਿਆਲ ਜੋ ਕਿ ਰਾਂਸੀਆਂ ਦੀ ਜ਼ਾਤ ਵਿਚ ਪੈਦਾ ਹੋਇਆ ਹੈ ਹੁਣ ਸੀਨੀਅਰ ਜੱਜ ਦੀ ਕੁਰਸੀ ਤੇ ਬਿਰਜਾਨਮਾਨ ਹੈ। ਉਹ ਸ਼ਰਮਾ, ਗਰੇਵਾਲ ਆਦਿ ਜੱਜਾਂ ਦੇ ਮੁਕਾਬਲੇ ਬੜਾ ਈਮਾਨਦਾਰ ਇਨਸਾਫ ਪਸੰਦ ਹੈ। ਜਦ ਸ਼ਰਮਾ ਅਤੇ ਗਰੇਵਾਲ ਦੀਆਂ ਘਰ ਵਾਲੀਆਂ ਉਨ੍ਹਾਂ ਭਰਿਸ਼ਟ

ਕਾਰਨਾਮਿਆਂ ਦੇ ਇਵਜ਼ ਵਿਚ ਰਿਸ਼ਵਤ, ਮਠਿਆਈਆਂ ਅਤੇ ਹੋਰ ਤੋਹਫਿਆਂ ਦੇ ਪੈਕਟ ਪ੍ਰਾਪਤ ਕਰਦੀਆਂ ਹਨ ਤਾਂ ਰਾਮ ਦਿਆਲ ਦੀ ਪਤਲੀ ਬੜੀ ਦੁਖੀ ਹੁੰਦੀ ਹੈ। ਪੂੰਜੀਪਤੀ ਅਰਥਚਾਰੇ ਵਿਚ ਰਿਸ਼ਵਤ ਨਜਾਇਜ਼ ਪੈਸਾ ਕਮਾਉਣ ਦਾ ਢੰਗ ਇਕ ਪ੍ਰਮਾਣਤ ਉਸਾਰ ਹੈ। ਲੇਖਕ ਨੂੰ ਇਸ ਸਥਿਤੀ ਵਿਚ ਦਖਲ ਦੇ ਕੇ ਇਸ ਉਸਾਰ ਦਾ ਬਦਲ ਸਮਾਜਵਾਦੀ ਢਾਂਚੇ ਦੇ ਆਦਰਸ਼ਕ ਉਸਾਰ ਵਜੋਂ ਪੇਸ਼ ਕਰਨਾ ਚਾਹੀਦਾ ਹੈ। ਭਾਵੇਂ ਮਿਤਰਸੈਨ ਮੀਤ ਨੇ ਇਸ ਦੁਖਾਂਤ ਦੇ ਸ਼ਿਕਾਰ ਰਾਮ ਦਿਆਲ ਅਤੇ ਤੇਜੋ ਨੂੰ ਇਸ ਸਥਿਤੀ 'ਚੋਂ ਕੱਢਣ ਦੀ ਕੋਸ਼ਿਸ਼ ਕੀਤੀ ਹੈ ਪਰ ਅਸੀਂ ਇਸ ਦੇ ਢੰਗ ਨਾਲ ਸਹਿਮਤ ਨਹੀਂ। ਪਹਿਲੀ ਗੱਲ ਤਾਂ ਇਹ ਕਿ ਪੂੰਜੀਪਤੀ ਵਿਕਾਸ ਦੇ ਉਸਾਰ ਵਿਚ ਜਾਤ-ਪਾਤ ਦੀ ਕੋਈ ਥਾਂ ਨਹੀਂ। ਕਿਰਤ ਵੰਡ ਦੀ ਪ੍ਰਣਾਲੀ ਜਮਾਤੀ ਵੰਡ ਉਤੇ ਅਧਾਰਤ ਹੈ। ਮਾਲਕੀ-ਮਜਦੂਰੀ ਦੋ ਵੰਡਾਂ ਹਨ। ਮਿਤਰ ਸੈਨ ਮੀਤ ਨਾ ਕੇਵਲ ਖੱਤਰੀ, ਬ੍ਰਾਹਮਣ, ਜੱਟ, ਸ਼ੂਦਰ ਵਿਚ ਹੀ ਵੰਡ ਕਰਦਾ ਹੈ ਸਗੋਂ ਉਹ ਤਾਂ ਸ਼ੂਦਰਾਂ ਦੀ ਵੀ ਵੰਡ ਸਾਂਸੀਆਂ-ਗਡਰੀਆਂ ਤੱਕ ਕਰਦਾ ਹੈ। ਮੈਂ ਮੰਨਦਾ ਹਾਂ ਕਿ ਜਗੀਰੂ ਕਦਰਾਂ ਕੀਮਤਾਂ ਦੀ ਰਹਿੰਦ ਖੂੰਹਦ ਹਾਲਾਂ ਜਾਤਾ ਦੀ ਵੰਡ ਦੀ ਜਟਿਲਤਾ ਵਿਚ ਕਾਇਮ ਹੈ। ਪਰ ਇਨ੍ਹਾਂ ਸਥਾਪਨਾਵਾਂ ਨੂੰ ਮੁੱਖ ਵਿਰੋਧ ਵਜੋਂ ਮਾਨਤਾ ਦੇਣਾ ਪਿਛਲਖੁਰੀ ਹੈ। ਕਿਉਂਕਿ ਮਿਤਰ ਸੈਨ ਮੀਤ ਹਾਲਾਂ ਜਗੀਰੂ ਕਦਰਾਂ ਕੀਮਤਾਂ ਦੀ ਅਰਥ ਪ੍ਰਣਾਲੀ ਦੇ ਉਸਾਰ ਵਿਚੋਂ ਹੀ ਨਹੀਂ ਨਿਕਲਿਆ ਇਸ ਲਈ ਇਹ ਉਹਦੀ ਮਜਬੂਰੀ ਹੈ ਕਿ ਉਹ ਪੁਰਾਤਨ ਸਭਿਆਚਾਰਕ ਮੋਹ ਦੀ ਤੰਦ ਤੋਂ ਵੀ ਅਜ਼ਾਦ ਨਹੀਂ ਹੋਇਆ। ਹਾਲਾਂ ਵੀ ਦੀਆਲੀ ਨੂੰ ਉਸਦਾ ਨਾਇਕ ਰਾਮ ਦਿਆਲ ਮਠਿਆਈਆਂ ਦੇ ਨਵੇਂ ਡੱਬਿਆਂ ਦੀ ਥਾਂ ਨੱਥੂ ਹਲਵਾਈ ਦੀਆਂ ਖਿਲਾਂ, ਪਤਾਸੇ ਜਾਂ ਲੀਲੇ ਦੀਆਂ ਤੱਤੀਆਂ ਜਲੇਬੀਆਂ, ਰਾਮੂ ਦੇ ਲੱਡੂ ਹੀ ਖਾਣ ਵਿਚ ਆਨੰਦ ਮਾਣਦਾ ਹੈ। ਉਹ ਹਾਲਾਂ ਵੀ ਮੋਟਰਕਾਰ ਜਾਂ ਸਕੂਟਰ ਦੀ ਸਵਾਰੀ ਕਰਨ ਦੀ ਥਾਂ ਗਿੰਦੇ ਦੇ ਖੱਚਰ ਰੇਹੜੇ ਦੀ ਸਵਾਰੀ ਕਰਨਾ ਪਸੰਦ ਕਰਦਾ ਹੈ। ਮੀਤ ਅੱਜ ਦੇ ਪੂੰਜੀਪਤੀ ਵਿਕਾਸ ਨੂੰ ਇਸ ਹੱਦ ਤੀਕ ਰੱਦ ਕਰਨ ਤੀਕ ਜਾਂਦਾ ਹੈ ਕਿ ਜਦੋਂ ਉਹ ਪਿੰਡੇ ਦੇ ਪੁਰਾਤਨ ਮਾਹੌਲ 'ਚ ਜਾਂਦਾ ਹੈ ਤਾਂ ਮਿੰਦੇ ਦੀ ਸ਼ਰਾਬ, ਮਿੰਦੇ ਤੇ ਦੇਸੀ ਮੁਰਗੇ ਦੀ ਤਰੀ, ਬਚਨੇ ਦੇ ਢੋਲ 'ਤੇ ਪਾਏ ਭੰਗੜੇ ਅਤੇ ਹੇਕਾਂ ਨਾਲ ਕਮਲਾ ਹੋ ਜਾਂਦਾ ਹੈ। ਇਸ ਤੋਂ ਵੀ ਅੱਗੇ ਦੀਵਾਲੀ ਉਤੇ ਪਿੰਡ ਨਾਂ ਜਾਣ ਕਰਕੇ ਉਸਨੂੰ ਇਸ ਸਾਲ ਮੱਕੀ ਦੀ ਰੋਟੀ, ਸਰੋਂ ਦਾ ਸਾਗ, ਲੱਸੀ ਦਾ ਗਲਾਸ, ਚਟਨੀ, ਗੰਢੇ, ਮੂੰਗੀ ਦੀ ਦਾਲ ਤੋਂ ਵਾਂਝਿਆਂ ਰਹਿਣ ਦਾ ਝੋਰਾ ਹੈ। ਪੁਰਾਤਨ ਸਭਿਆਚਾਰਕ ਉਸਾਰ ਨਾਲ ਭਾਵੁਕ ਮੋਹ ਦਾ ਸ਼ਿਕਾਰ ਰਾਮ ਦਿਆਲ ਆਪਣੀ ਕੋਠੀ ਵਿਚ ਵੀ ਖਿੱਲਾਂ, ਪਤਾਸੇ ਲਿਆਕੇ ਸ਼ਾਇਦ ਰੋਟੀ ਵੀ ਗੰਢੇ ਦੀ ਚਟਣੀ ਨਾਲ ਖਾਣ ਦਾ ਆਦਰਸ਼ ਪਾਲਦਾ ਹੈ। ਇਥੋਂ ਤੀਕ ਉਹ ਤਾਂ ਪੰਜਾਹ ਹਜ਼ਾਰ ਰੁਪਿਆ ਮੁਆਵਜ਼ਾ ਦਵਾਉਣ ਬਦਲੇ ਇਕ ਬੁੱਢੇ ਤੋਂ ਦੀਵਾਲੀ ਦਾ ਤੋਹਫ਼ਾ ਵੀ ਪਤਾਸੇ-ਖਿਲਾਂ ਮੰਗਦਾ ਹੈ ਜਿਵੇਂ ਪੂੰਜੀਪਤੀ ਵਿਕਾਸ ਦੀਆਂ ਬਣਾਈਆਂ ਬਾਤੀਆਂ ਜਾਂ ਹੋਰ ਵਸਤਾਂ ਉਸਨੂੰ ਡੱਸ ਲੈਣਗੀਆਂ। ਭਾਵੁਕਤਾ ਦੀ ਹੱਦ ਉਦੋਂ ਤਾਂ ਹੋਰ ਵੀ ਟੱਪ ਗਈ ਜਦੋਂ ਉਹ ਅੰਤਰ-ਮੁਖਤਾ ਦੀ ਇਸ ਹੱਥ ਤੀਕ ਟੱਪ ਜਾਂਦਾ ਹੈ ਕਿ ਕ੍ਰਿਸ਼ਨ-ਸੁਦਾਮਾਂ ਦੀ ਰੂੜ੍ਹੀ ਨੂੰ ਆਦਰਸ਼ ਮੰਨ ਕੇ ਉਸ ਨੂੰ ਮਾਨਤਾ ਦੇਣ ਵੱਲ ਤੁਰ ਪੈਂਦਾ ਹੈ। ਲੇਖਕ ਇਥੇ ਆਕੇ ਯਥਾਰਥ ਦੀ ਕੇਵਲ ਮਾਨਵਵਾਦੀ ਸਾਂਝ ਦੇ ਧੁੰਧਲੇਪਣ ਦਾ ਸ਼ਿਕਾਰ ਹੋ ਜਾਂਦਾ ਹੈ। ਇਹ ਧੁੰਧਲਾਪਣ ਹਮੇਸ਼ਾ ਸਾਡੀ ਸੋਚ ਦਾ ਪਸ਼ੂਗਤ ਧੁਰਾ ਬਣਦਾ ਹੈ 'ਆਪਾ ਫੈਲਾਓ ਤੇ ਆਪ ਬਚਾਓ।' ਜਿਸ ਵਿਚੋਂ ਮਨੁੱਖ ਦੀ ਸਿਰਜਨਾ ਮਨਫ਼ੀ ਹੋ ਜਾਂਦੀ ਹੈ। ਸਵਾਲ ਸਿਰਜਨਾ ਨੂੰ ਮਨਫ਼ੀ ਕਰਨ ਦਾ ਨਹੀਂ ਸਗੋਂ ਪੂੰਜੀਪਤੀ ਸਮਾਜ ਵਿਚ ਇਸ ਸਿਰਜਨਾ ਦੀ ਬਰਾਬਰ ਵੰਡ ਦਾ ਹੈ। ਇਹ ਤੱਥ ਮੀਤ ਦੀ ਕਹਾਣੀ ਦਾ ਧੁਰਾ ਬਣਨਾ ਚਾਹੀਦਾ ਸੀ ਜੋ ਨਹੀਂ ਬਣ ਸਕਿਆ।

'ਖਾਨਾ ਪੂਰੀ' ਕਹਾਣੀ ਫੇਰ ਜਗੀਰੂ ਜਾਤ-ਪਾਤ ਨੂੰ ਧੁਰਾ ਬਣਾਕੇ ਲਿਖੀ ਗਈ ਕਹਾਣੀ ਹੈ। ਕਹਾਣੀ ਵਿਚ ਪੁਲਿਸ ਦਾ ਹਵਾਲਦਾਰ ਬੁਧ ਸਿੰਘ ਮਾਨਸਿਕ ਤੌਰ ਪ੍ਰੇਸ਼ਾਨ ਹੈ। ਆਪਣੀ ਤਰੱਕੀ ਲਈ ਉਹ ਰਿਪੋਰਟ ਭੇਜਣ ਲਈ ਕੇਸਾਂ ਦੀ ਭਾਲ ਵਿਚ ਭਟਕਦਾ ਹੈ। ਪੂੰਜੀ ਦੇ ਨਿੱਜੀ ਰੂਪ ਵਿਚ ਇਕੱਠੀ ਕਰਨ ਦੀ ਦੌੜ ਵਿਚ ਉਹ ਕਿਸੇ ਤੋਂ ਘੱਟ ਨਹੀਂ। ਜਥੇਦਾਰਾਂ ਦੀਆਂ ਮਿੰਨਤਾਂ ਤਰਲਿਆਂ ਨਾਲ ਕੈਨੇਡਾ ਵਰਗਾ ਥਾਲ ਉਸਨੂੰ ਮਿਲਿਆ ਹੈ। ਪੈਸਿਆਂ ਵੀ ਇਹ ਖਾਣ ਖੁਸ ਨਾ ਜਾਏ ਇਸ ਲਈ ਉਹ ਕੋਈ ਕੇਸ ਕੇਵਲ ਖਾਨਾ-ਪੂਰੀ ਕਰਨ ਲਈ ਬਣਾਉਣ ਦੀ ਤਾਕ ਵਿਚ ਹੈ। ਸੁੰਦਰ ਭੁੱਜੀ ਵਾਲੇ ਨੂੰ, ਮੰਗੂ ਸ਼ਰਾਬ ਦੀ ਭੱਠੀ ਵਾਲੇ ਨੂੰ ਭਾਈਆ ਫੀਮ ਵੇਚਣ ਵਾਲੇ ਨੂੰ ਫੜਨ ਲਈ ਜਾਂਦਾ ਹੈ। ਪਰ ਸਾਰੇ ਹੀ ਕਿਸੇ ਨਾ ਕਿਸੇ ਦੀਆਂ ਸਿਫ਼ਾਰਸ਼ਾਂ ਵੱਡੇ ਸਾਹਬਾਂ ਦੀਆਂ, ਸਰਪੰਚਾਂ ਲੀਡਰਾਂ ਦੀਆਂ ਨਾਲ ਉਸਦੇ ਚੁੰਗਲ 'ਚੋਂ ਨਿਕਲਦੇ ਗਏ। ਇਥੋਂ ਤੀਕ ਸਾਂਗੀਆਂ ਦਾ ਧੰਨਾ ਵੀ ਇਕ-ਬਾਲੀਆ ਮੁਜਰਮ ਬਣਨ ਤੋਂ ਜੁਆਬ ਦੇ ਗਿਆ। ਅੰਖਰ ਉਹ ਦੋ ਟਪਰੀਵਾਸਾਂ ਦੇ ਮੁੰਡਿਆਂ ਨੂੰ ਰੂੜੀਆਂ ਤੋਂ ਮੋਮੀ ਕਾਗਜ਼ ਚੁਗਦੇ ਫੜ ਲੈਂਦਾ ਹੈ ਤੇ ਤਿੰਨ ਕਿਲੋ ਫੀਮ ਅਤੇ ਚਾਲੀ ਕਿਲੋ ਡੋਡਿਆਂ ਦੇ ਕੇਸ ਬਣਾ ਦਿੰਦਾ

ਹੈ। ਦਲੀਲ ਇਹ ਦਿੰਦਾ ਹੈ ਕਿ ਇਨ੍ਹਾਂ ਤੋਂ ਕੋਈ ਡਰ ਨਹੀਂ ਇਹ ਨਾ ਸਰਪੰਚ ਦੇ, ਨਾ ਕਿਸੇ ਅਫ਼ਸਰ ਦੇ, ਨਾ ਹੀ ਆਤਰ ਹੋਏ ਸਾਥੀਆਂ ਦੇ ਬੰਦੇ ਹਨ। ਇਸ ਕਹਾਣੀ ਦੀ ਜ਼ਮੀਨ ਕਿੰਨ੍ਹੀ ਵੀ ਕਰੂੜ ਯਥਾਰਥ ਕਿਉਂ ਨਾ ਹੋਵੇ ਇਸ ਵਿਚਲੇ ਪਾਤਰਾਂ ਦੀ ਲੰਪਨ ਸਥਿਤੀ ਉਨ੍ਹਾਂ ਨੂੰ ਬੌਣੇ, ਮੂਕ, ਤਰਾਸਦਿਕ ਬਣਾਉਂਦੀ ਹੈ। ਬੁੱਧ ਸਿੰਘ ਤੋਂ ਲੈ ਕੇ ਗਡਰੀਆਂ ਦੇ ਦੋ ਮੁੰਡਿਆਂ ਤੀਕ ਸਾਰੇ ਪਾਤਰ ਹੀ ਲੰਪਨ ਹਨ। ਕਹਾਣੀਕਾਰ ਇਨ੍ਹਾਂ ਪਾਤਰਾਂ ਪ੍ਰਤੀ ਹਮਦਰਦੀ ਦਿਖਾਉਂਦਾ ਹੈ ਇਹ ਹਮਦਰਦੀ ਮਾਨਵੀ ਸਾਂਝ ਦੇ ਭਾਵੁਕ ਮੋਹ ਦੀ ਧਰਾਤਲ ਤੇ ਵਧੇਰੇ ਹੈ ਜਮਾਤੀ ਚੇਤਨਾ ਦੇ ਪੱਧਰ ਉਤੇ ਜ਼ੀਰੋ। ਦੋ ਗਡਰੀਆਂ ਉਤੇ ਕੇਸ ਬਣਾਉਣ ਲਈ ਸਧਾਰਣ ਸਵੀਕਾਰਤਾ ਦੀ ਮਾਨਸਕਿਤਾ ਦਾ ਪ੍ਰਗਟਾਓ ਏਦਾਂ ਕੀਤਾ ਹੈ, "ਸਾਲੇ ਭੁਖੇ ਮਰਦੇ ਰੂੜੀਆਂ ਤੋਂ ਗੰਦ ਚੁਕਦੇ ਫਿਰਦੇ ਐ। ਦਸ ਬਾਰਾਂ ਸਾਲ ਜੇਲ੍ਹ 'ਚੋਂ ਰਹਿਕੇ ਸ਼ਰਤ ਆ ਜੂ। ਵਧੀਆ ਖਾਣਗੇ ਵਧੀਆ ਪਹਿਨਣਗੇ। ਟੀ.ਵੀ. ਮੁਫ਼ਤ 'ਚ", ਇਹ ਮਾਨਸਿਕਤਾ ਲੰਪਨ ਮਾਨਸਿਕਤਾ ਹੈ। ਇਥੋਂ ਤੀਕ ਸੂਰ ਦਾ ਚਿੱਕੜ ਵਿਚ ਆਨੰਦ ਨਾਲ ਪਏ ਰਹਿਣਾ। 'ਖਾਨਾ ਪੂਰੀ' ਕਰਨਾ ਵੀ ਇਕ ਲੰਪਨ ਆਚਰਣ ਦੀ ਪੇਸ਼ਕਾਰੀ ਹੀ ਹੈ।

ਉਪਰੋਕਤ ਦੋਹਾਂ ਕਹਾਣੀਆਂ ਦੇ ਮੁਖ ਪਾਤਰ ਰਾਮ ਦਿਆਲ ਅਤੇ ਬੁੱਧ ਸਿੰਘ ਪੂੰਜੀਪਤੀ ਅਰਥਚਾਰੇ ਉਤੇ ਉਸਰੀ ਰਾਜ ਸਤਾ ਦੇ ਕਲ ਪੁਰਜੇ ਹਨ। ਦੋਵੇਂ ਪਾਤਰ ਵਿਅਕਤੀਗਤ ਸਵੈ ਇਛਤ ਅਲੱਮਤਾ (alienation) ਦੇ ਸ਼ਿਕਾਰ ਹਨ। ਇਸ ਪੂੰਜੀਪਤੀ ਅਰਥਚਾਰੇ ਦੇ ਉਸਾਰ ਵਿਚੋਂ ਖਾਣ-ਹੰਢਾਉਣ, ਭਰਿਸ਼ਟਾਚਾਰ, ਅਸ਼ਲੀਲਤਾ, ਨੰਗੇਜ, ਹਵਸ ਆਦਿ ਸੰਕਲਪਾਂ ਨੂੰ ਰੱਦ ਕੇ ਅੰਤਰਮੁਖੀ ਹੋ ਪੁਰਾਤਨਤਾ ਨਾਲ ਭਾਵੁਕ ਮੋਹ ਦਾ ਸ਼ਿਕਾਰ ਹੋ ਆਪਣੇ ਆਪ ਨੂੰ ਅਜੋਕੀ ਪ੍ਰਸੰਗਤਾ ਤੋਂ ਤੋੜ ਉ ਅਲੱਗ ਥਲੱਗ ਹੋ ਜਾਂਦਾ ਹੈ। ਨਾ ਕੇਵਲ ਆਸ ਹੀ ਨਿੱਜੀ ਤੌਰ ਤੇ ਅਲੱਗ ਹੁੰਦਾ ਹੈ ਸਗੋਂ ਬਾਕੀ ਸਾਰਿਆਂ ਨੂੰ ਸਮੁੱਚੇ ਪਿੰਡ ਨੂੰ ਅਲੱਗ ਕਰਨ ਲਈ ਜ਼ੁੰਮੇਂਵਾਰ ਹੈ। ਇਸੇ ਤਰ੍ਹਾਂ ਬੁੱਧ ਸਿੰਘ ਦੂਜੇ ਪਾਸੇ ਪੂੰਜੀਪਤੀ ਉਸਾਰ ਦੀਆਂ ਸਾਰੀਆ ਮਾਨਤਾਵਾਂ ਨੂੰ ਸਵੀਕਾਰ ਕਰਦਾ ਹੋਇਆ ਵੀ ਅਲੱਗ ਥਲੱਗ ਹੋ ਗਿਆ ਹੈ।

ਪੂੰਜੀਪਤੀ ਉਸਾਰ ਵਜੋਂ ਪਸ਼ੂਗਤ ਲੰਪਨ ਵਿਸ਼ੇਸ਼-ਤਾਈਆਂ ਨੂੰ ਪੈਦਾ ਕਰਨ ਦੀ ਇਹ ਗੁੰਝਲਦਾਰ ਸਮਝ ਹੀ ਹੈ ਜੋ ਸਾਡੇ ਲੇਖਕਾਂ ਲਈ ਮੁੱਖ ਸਮੱਸਿਆ ਹੈ। ਮਨੁੱਖ ਦੀ ਕਰਤਾਰੀ ਸ਼ਕਤੀ ਨੂੰ ਖੁੰਢਾ ਕਰਕੇ ਉਸ ਦੀ ਸ਼ੈਤਾਨੀ ਜਾਂ ਬੌਣੀ ਵਾਹੂ ਪ੍ਰਵਿਰਤੀ ਨੇ ਇਕ ਨਿਸਚਿਤ-ਥਾਂ ਸਥਾਪਤ ਕਰ ਲਈ ਹੈ। ਅਜਿਹੇ ਉਸਾਰ ਵਿਚ ਮਨੁੱਖ ਤੋਂ ਵਿਸ਼ਵਾਸ਼ ਉਠ ਗਿਆ ਹੈ ਉਹ ਇਕ ਪਾਸੇ ਰਾਮ ਦਿਆਲ ਵਾਂਗ ਬੁਰਜੂਆ ਕੁਲੀਨ ਵਰਗ ਦਾ ਸਾਹਮਣਾ ਨਾ ਕਰਦੇ ਹੋਏ ਆਪਣੇ ਖੋਲ੍ਹ ਅੰਦਰ alienate ਅਲੱਗ ਹੋ ਰਿਹਾ ਹੈ।

ਦੂਜੇ ਪਾਸੇ ਬੁਧ ਸਿੰਘ ਵਾਂਗ ਮਧ ਵਰਗੀ ਬੌਣੇ ਪਣ ਦਾ ਸ਼ਿਕਾਰ ਅਜਿਹੀ ਮਨੁੱਖੀ ਪਸ਼ੂਗਤ ਅਲੱਗਤਾ ਵਲ ਵਧ ਰਿਹਾ ਹੈ।

ਸਥਿਤੀ ਵਿਚ ਕੁਝ ਲੋਕ ਕਹਿਣਗੇ ਕਿ ਮਨੁੱਖ ਦਾ ਇਸ ਹੱਦ ਤਕ ਪੱਤਣ ਹੋ ਗਿਆ ਹੈ ਕਿ ਮੌਤ ਤੋਂ ਸਵਾਇ ਹੋਰ ਕੋਈ ਰਾਹ ਨਹੀਂ। ਪੂੰਜੀਪਤੀ ਆਰਥਿਕ ਢਾਂਚੇ ਨੇ ਮਨੁੱਖ ਦਾ ਮੂੰਹ ਤਿੜਕਾ ਦਿਤਾ ਹੈ। ਉਹ ਟੁੱਟ-ਭੱਜ ਗਿਆ ਹੈ। ਬੇਪਛਾਣ ਸਾਕਾਰ ਤਬਾਹੀ ਦੇ ਦਰਸ਼ਕ ਹਨ। ਤੇ ਉਹ ਆਪਣੀ ਹੋਂਦ ਲਈ ਚਿੰਤਤ ਸਾਰਤਰ ਵਾਂਗ my world, Death, Nothingness ਦੇ ਸੰਕਲਪਾਂ ਦੀ Absurdity ਦੇ ਨਾਂ ਤੇ ਪੇਸ਼ਕਾਰੀ ਕਰਦੇ ਹਨ। ਸੁਤੰਤਰ ਮਨੁੱਖ, ਸ਼ੁਧ ਕਲਾਕਾਰ ਦੇ ਸੰਕਲਪਾਂ ਦਾ ਭਰਮ ਵਿਚ ਗੁੱਸੇ ਮਨੁੱਖਤਾਵਾਦ ਦੇ ਨਾਂ ਤੇ ਮਨੁੱਖ ਦੇ ਅਸਤਿਨਵ ਬਾਰੇ, ਹੋਂਦ ਬਾਰੇ, ਨਿਜੀ ਸੁਤੰਤਰਤਾ ਬਾਰੇ, ਅਮਨੁੱਖੀ ਸ਼ਕਤੀ ਦੇ ਭਰਮ ਬਾਰੇ ਭੁਲੇਖੇ ਪਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਦੇ। ਉਹ ਅਖੀਰ ਸੰਸਾਰ ਦੀ ਨਾਸ਼ਵਾਦਤਾ ਦਾ ਨਾਹਰਾ ਦੇ ਕੇ ਅਜਿਹੀ ਖੇਡ ਕਰਦੇ ਹਨ ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਮਨੁੱਖ ਲਈ ਘਾਤਕ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਮਨੁੱਖ ਦੀ ਉਪਰੋਕਤ ਸਥਿਤੀ ਸੰਪੂਰਨ ਸੱਚ ਹੈ।

ਕੀ ਮੌਤ ਤੋਂ (alienation) ਬਿਨਾਂ ਇਸ ਦਾ ਹੋਰ ਕੋਈ ਹਲ ਨਹੀਂ। ਨਾਸ਼ਵਾਨਤਾ ਦਾ ਬਦਲ ਸਿਰਜਣ ਨਹੀਂ ਲਿਆਂਦਾ ਜਾ ਸਕਦਾ। ਅਸੀਂ ਵਿਗਿ-ਆਨਕ ਪਹੁੰਚ ਤੋਂ ਇਹ ਕਹਿ ਸਕਦੇ ਹਾਂ ਕਿ ਥੋੜ੍ਹਾ ਬਹੁਤ ਵੀ ਸੱਚ ਨਹੀਂ। ਇਹ ਪੂੰਜੀਪਤੀ ਅਰਥਚਾਰੇ ਦੀ ਪੈਦਾਇਸ਼ ਦੇ ਗਲਤ ਅਧਾਰਾਂ ਦਾ ਪਰਉਸਾਰ ਹੈ। ਇਹ ਹਕੀਕਤ ਤੋਂ ਅਸਤਿੱਤਵਵਾਦੀ ਮੌਤ ਦੀ ਭਾਂਜ ਹੈ।

ਹਕੀਕਤ ਕੀ ਹੈ?

ਪੂੰਜੀਪਤੀ ਅਰਥਚਾਰੇ ਵਿਚ ਪੈਦਾਵਾਰੀ ਸਾਧਨਾਂ ਨਾਲ ਕੀਤੀ ਜਾਂਦੀ ਪਦਾਇਸ਼ ਨਾਲ ਵਾਧੂ ਪੈਦਾਵਾਰ ਦਾ ਵਧੀ ਜਾਣਾ ਤੇ ਇਸ ਵਾਧੇ ਦਾ ਕੁਝ ਕੁ ਵਿਅਕਤੀਆਂ ਦੁਆਲੇ ਢੇਰ ਲੱਗੀ ਜਾਣਾ ਪ੍ਰਸਤੀ ਦਾ ਪੂੰਜੀਪਤੀ ਅਰਥ ਹੈ। ਇਸ ਅਰਥਚਾਰੇ ਅਨੁਸਾਰ ਚਲੀ ਸਮਾਜਕ ਬਣਤਰ ਅਤੇ ਸਭਿਆਚਾਰ ਇਕ ਸਥਾਪਤ ਧਾਰਾ ਅਨੁਸਾਰ ਪ੍ਰਗਤੀ ਕਰਦਾ ਹੈ। ਨਿਜੀ ਸੰਪਤੀ ਦਾ ਇਕੱਠ ਮਨੁੱਖ ਨੂੰ ਪਸ਼ੂਗਤ ਖੜੋਤ ਵਲ ਧਕੇਲਦਾ ਹੈ ਇਸ ਤਰ੍ਹਾਂ 'ਸੋਸ਼ਤ' ਤੇ 'ਸੋਸ਼ਕ' ਗਰੀਬ-ਅਮੀਰ, ਮਾੜਾ-ਤਕੜਾ ਦੀ ਪ੍ਰਵਿਰਤੀ

ਜਨਮ ਲੈਂਦਾ ਹੈ ਜੋ ਕੁਦਰਤ ਦਾ ਅੰਗ ਬਣਨ ਲਈ ਇਕ ਨਿਸਚਿਤ ਨਿਯਮ ਵਿਚ ਬੱਝਣ ਲਈ ਮਜ਼ਬੂਰ ਕਰਦੀ ਹੈ। ਪਰ ਮਨੁੱਖ ਨੇ ਹਮੇਸ਼ਾਂ ਕੁਦਰਤ ਵਿਚ ਦਖਲ ਦਿਤਾ ਹੈ। ਉਹ ਕੁਦਰਤ ਦੀਆਂ 'ਹਾਂ' ਪੱਖੀ ਵਿਵਸਥਾਵਾਂ ਨੂੰ ਸਵੀਕਾਰਦਾ ਤੇ 'ਨਾ' ਪੱਖੀ ਵਿਵਸਥਾਵਾਂ ਹੈ 'ਹਾਂ' ਪੱਖੀ ਕਰਨ ਵਿਚ ਯਤਨਸ਼ੀਲ ਰਹਿੰਦਾ ਹੈ। 'ਹਾਂ' ਪੱਖੀ ਵਿਵਸਥਾਵਾਂ ਦੇ ਵੀ ਛੇਤੀ ਵਾਪਰਣ ਲਈ ਉਨ੍ਹਾਂ ਵਿਚ ਤੇਜ਼ੀ ਲਿਆਉਣ ਲਈ ਉਹ ਸਿਰਜਨ ਦੇ ਰੂਪ ਵਿਚ ਦਖਲ ਦਿੰਦਾ ਹੈ। ਪੂੰਜੀਪਤੀ ਅਰਥਚਾਰਾ ਕਿਉਂਕਿ ਨਿਜੀ ਜਾਇਦਾਦ ਭੋਗਤਾ ਦੇ ਸੰਕਟਵਾਦ ਦਾ ਧਾਰਨੀ ਇਸੇ ਲਈ ਸਾਨੂੰ ਪ੍ਰਵਿਰਤੀ ਅਧੀਨ ਮਨੁੱਖ ਦੀ ਸਿਰਜਣਾਤਮਿਕ ਪ੍ਰਵਿਰਤੀ ਨੂੰ ਉਠਣ ਨਹੀਂ ਦਿੰਦਾ।

ਸਵਾਲ ਹੈ ਕਿ ਅਰਥਚਾਰਾ ਕਿਉਂ ਨਹੀਂ ਕਰਤਾਰੀ ਸ਼ਕਤੀ ਦਾ ਅਹਿਸਾਸ ਪੈਦਾ ਹੋਣ ਦਿੰਦਾ। ਕਿਉਂਕਿ ਇਸ ਦੇ ਪੈਦਾਵਾਰੀ ਸਾਧਨਾਂ ਵਿਚ ਵਸਤ ਤੋਂ ਲੈ ਕੇ ਮਨੁੱਖ ਤੀਕ ਨੂੰ ਵਸਤ ਵਜੋਂ ਹੀ ਉਪਭੋਗਤਾ ਦੀ ਚੀਜ਼ ਮੰਨਿਆ ਗਿਆ ਹੈ। ਦੌਲਤ-ਦੌਲਤ-ਦੌਲਤ ਘੋੜਾ ਸ਼ਕਤੀ, ਮਨੁੱਖਾ ਗੁਲਾਮ ਸ਼ਕਤੀ, ਮਸ਼ੀਨ ਸ਼ਕਤੀ, ਮਾਲਕੀ ਬਸ ਮਾਲਕੀ। ਇਹ ਇਕ ਅਜਿਹੇ ਸਭਿਆਚਾਰ ਦਾ ਉਸਾਰ ਕਰ ਦਿੰਦੀ ਹੈ ਜੋ 'ਲੋਕ' ਦੀ ਪ੍ਰੀਭਾਸ਼ਾ ਹੀ ਬਦਲ ਦਿੰਦੀ ਹੈ। **ਇਹ ਪ੍ਰਵਿਰਤੀ ਲੋਕ ਦਾ ਰੂਪਾਂਤਰਨ 1% 'ਮਾਲਕ' ਵਿਚ ਕਰਦੀ ਹੋਈ ਬਾਕੀ 99% ਨੂੰ 'ਵਸਤ' ਮੰਨਦੀ ਹੈ।** ਪਰ ਇਸ ਦੇ ਉਲਟ ਯਥਾਰਥ ਇਹ ਹੈ ਕਿ 99% ਹੀ ਮਨੁੱਖ ਹਨ ਜੋ ਕਰਤਾਰੀ ਸ਼ਕਤੀ ਦੇ ਮਾਲਕ ਹਨ ਜਿਨ੍ਹਾਂ ਨੂੰ ਨਿਰਸੂਝ ਸਵੈਚਾਲਕ ਕਿਰਤ ਸ਼ਕਤੀ ਵਜੋਂ ਵਸਤ ਵਿਚ ਹੀ ਢਾਲ ਦਿਤਾ ਗਿਆ ਹੈ।

ਮਿਤਰ ਸੈਨ ਮੀਤ ਅਤੇ ਹੋਰ ਲੇਖਕਾਂ ਨਾਲ ਮੈਂ ਬੜੀ ਨਿਮਰਤਾ ਨਾਲ ਇਹ ਸਲਾਹ ਮਸ਼ਵਰਾ ਕਰਨਾ ਚਾਹੁੰਦਾ ਹਾਂ ਕਿ ਅਸੀਂ ਰਾਮ ਦਿਆਲ ਜਾਂ ਬੁਧ ਸਿੰਘ ਵਰਗੇ ਪਾਤਰਾਂ ਦੀ ਉਸਾਰੀ ਕਰਕੇ ਕਿੰਨੇ ਯਥਾਰਥਵਾਦੀ ਕਿਉਂ ਨਾ ਬਣ ਜਾਈਏ ਪਰ ਅਚੇਤ ਤੌਰ ਤੇ ਅਸੀਂ ਪੂੰਜੀਪਤੀ ਉਸਾਰ ਵਿਚ ਪੈਦਾ ਕੀਤੀ ਜਾ ਰਹੀ ਮਨੁੱਖ ਦੀ alienation ਨੂੰ ਮਾਨਤਾ ਦੇ ਰਹੇ ਹੋਵਾਂਗੇ।

ਨੋਟ: ਇਹ ਪਰਚਾ 25 ਸਤੰਬਰ ਰਾਮਪੁਰ ਫੂਲ ਵਿਚ ਕ੍ਰਾਂਤੀਕਾਰੀ ਸਾਹਿਤ ਸਭਾ ਦੇ ਸਮਾਗਮ ਤੇ ਪੜ੍ਹਿਆ ਗਿਆ। o

## –ਮਿਤਰਸੈਨ ਮੀਤ ਦਾ ਕਹਾਣੀ ਸੰਗ੍ਰਹਿ 'ਲਾਮ'–
## (ਸਮਕਾਲੀ ਪ੍ਰਸਥਿਤੀਆਂ ਦਾ ਸਮਾਜਵਾਦੀ ਯਥਾਰਥ)

ਮਿਤਰਸੈਨ ਮੀਤ ਦਾ ਹਥਲਾ ਕਹਾਣੀ ਸੰਗ੍ਰਹਿ 'ਲਾਮ' ਮੈਨੂੰ ਪ੍ਰਸਿਧ ਉਰਦੂ ਲੇਖਕ ਕ੍ਰਿਸ਼ਨ ਚੰਦਰ ਦੇ ਕਹਾਣੀ ਸੰਗ੍ਰਹਿ 'ਅਸੀਂ ਵਹਿਸ਼ੀ ਹਾਂ' (ਹਮ ਵ੍ਹਿਸ਼ੀ ਹੈਂ) ਦੀ ਯਾਦ ਦੁਆਉਂਦਾ ਹੈ ਜੋ 1947 ਵਿਚ ਦੇਸ਼ ਦੀ ਵੰਡ ਤੋਂ ਬਾਅਦ 1950–51 ਦੇ ਦੁਆਲੇ ਛਪਿਆ ਸੀ। ਇਸ ਪ੍ਰਸਿੱਧ ਕਹਾਣੀ ਸੰਗ੍ਰਹਿ ਵਿਚ ਦੇਸ਼ ਦੀ ਵੰਡ ਸਮੇਂ ਹੋਏ ਖੂਨੀ ਫਸਾਦਾਂ, ਵਹਿਸ਼ੀ ਕਤਲਾਂ, ਸਾੜ ਫੂਕ ਅਤੇ ਮਨੁਖਤਾ ਦੇ ਉਜਾੜੇ ਤੇ ਤਬਾਹੀ ਨੂੰ ਪ੍ਰਗਟਾਉਂਦੀਆਂ ਕੁਝ ਹਿਰਦੇ—ਸਪਰਸ਼ੀ ਯਾਦਗਾਰੀ ਕਹਾਣੀਆਂ ਸਨ ਜੋ ਉਸ ਸਮੇਂ ਹੋਏ ਵਹਿਸ਼ਤ ਦੇ ਨੰਗੇ ਨਾਚ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਸਨ। ਸਦੀਆਂ ਤੋਂ ਇਕੱਠੇ ਰਹਿ ਰਹੇ ਭਰਾਵਾਂ—ਜਿਨ੍ਹਾਂ ਦੇ ਦੁਖ ਸੁਖ ਸਾਂਝੇ ਸਨ—ਜੀਉਣ ਮਰਨ ਸਾਂਝਾ ਸੀ—ਵਿਚਕਾਰ ਅਚਾਨਕ ਬਿਜਲੀਆ ਗਿਰਾ ਦਿੱਤੀਆਂ ਸਨ ਅਤੇ ਉਸ ਸਮੇਂ ਉਨ੍ਹਾਂ ਵਿਚਕਾਰ ਜੋ ਹੋਇਆ ਸੀ ਉਹ ਸ਼ਾਇਦ ਕਦੇ ਇਸ ਧਰਤੀ ਦੇ ਜੰਗਲੀ ਜੀਵਾਂ ਵਿਚਕਾਰ ਵੀ ਨਹੀਂ ਹੋਇਆ ਸੀ ਜਿਨ੍ਹਾਂ ਦਾ ਸਭ ਤੋਂ ਵਿਕਸਤ ਰੂਪ ਹੋਣ ਤੇ ਮਨੁੱਖ ਆਪਣੇ ਆਪ ਉਤੇ ਮਾਣ ਕਰਦਾ ਹੈ। ਉਹ ਕਹਾਣੀਆਂ ਪੜ੍ਹਕੇ ਮੈਂ ਇਕ ਵਾਰ ਸੋਚਿਆ ਸੀ ਕਿ ਜਿਹੜਾ ਵੀ ਵਿਅਕਤੀ ਇਹ ਕਹਾਣੀਆ ਪੜ੍ਹ ਲਵੇਗਾ, ਉਹ ਆਪਣੀ ਅੰਤਰਆਤਮਾ ਦੇ ਧੁਰ ਅੰਦਰੋਂ ਇਵੇਂ ਹਿੱਲ ਜਾਵੇਗਾ ਕਿ ਉਹ ਅਜੇਹੀ ਵਹਿਸ਼ਤ ਬਾਰੇ ਮੁੜ ਸੋਚਣ ਤੋਂ ਵੀ ਘਬਰਾਏਗਾ। ਮਨੁੱਖ ਦੀ ਮਨੁੱਖ ਹੱਥੋਂ ਹੋਈ ਉਸ ਖੌਫਨਾਕ ਤਬਾਹੀ ਤੇ ਬਰਬਾਦੀ ਨੇ ਇਹ ਸਾਬਤ ਕਰ ਦਿੱਤਾ ਸੀ ਕਿ ਧਰਮ ਤੇ ਸ਼ਮਾਜ ਦੇ ਠੇਕੇਦਾਰਾ ਨੂੰ ਆਪਣੀ ਚੌਧਰ ਅਤੇ ਸੱਤਾ ਚਾਹੀਦੀ ਹੈ ਮਨੁੱਖਤਾ ਦਾ ਭਾਵੇਂ ਕਿੰਨਾ ਵੀ ਘਾਣ ਹੋ ਜਾਵੇ। ਸੱਤਾਧਾਰੀ ਲੋਕਾਂ ਵਲੋਂ ਸੱਤ੍ਹਾ ਲਈ ਇਹ ਸ਼ਤਰੰਜ ਦੀ ਖੇਡ ਸਦੀਆਂ ਤੋਂ ਖੇਡੀ ਜਾ ਰਹੀ ਹੈ ਤਾਂ ਕਿ ਮਨੁੱਖ ਨੇ ਜਿਵੇਂ ਕਿਵੇਂ ਉਸ ਚਿੰਤ੍ਹਨ ਤੋਂ ਦੂਰ ਰਖਿਆ ਜਾਵੇਂ ਜਿਹੜਾ ਉਸਨੂੰ ਆਪਣੀ ਅਤੇ ਸਮਾਜ ਦੀ ਉਤਪਤੀ ਤੇ ਵਿਕਾਸ ਬਾਰੇ ਸੋਚਣ ਲਈ ਚੇਤਨ ਕਰ ਦੇਵੇ। ਇਹ ਬੜੀ ਡੂੰਘੀ ਸਾਜਿਸ਼ ਹੈ। ਇਹ ਇਕ ਪ੍ਰਮਾਣਿਕ ਸੱਚ ਹੈ ਕਿ ਜੇ ਵਿਅਕਤੀ ਆਪਣੇ ਬਾਰੇ ਆਪਣੇ ਸਮਾਜ ਬਾਰੇ ਸੁਤੰਤਰ ਰੂਪ ਵਿਚ ਸੋਚਣਾ ਸ਼ੁਰੂ ਕਰ ਦੇਵੇਗਾ ਤਾਂ ਉਹ ਹਾਕਮਾਂ ਦੇ ਬਹਿਕਾਵੇ ਵਿਚ ਨਹੀਂ ਆਂ ਸਕੇਗਾ ਅਤੇ ਸਿਟੇ ਵਜੋਂ ਹਾਕਮ ਸ਼੍ਰੇਣੀ ਦਾ ਝੂਠ ਤੇ ਧੋਖੇ ਤੇ ਉਸਰਿਆ ਰਾਜਸੱਤਾ ਦਾ ਮਹਿਲ ਬਹੁਤੀ ਦੇਰ ਖੜਾ ਨਹੀਂ ਰਹਿ ਸਕੇਗਾ ਅਤੇ ਅਖੀਰ ਢਹਿ ਢੇਰੀ ਹੋ ਕੇ ਰਹੇਗਾ।

ਸੱਤਾ ਨੂੰ ਕਾਇਮ ਰੱਖਣ ਲਈ ਜਿਥੋਂ ਤੱਕ ਲੋਕਾਂ ਨੂੰ ਫ਼ਿਰਕਾਪ੍ਰਸਤੀ ਤੇ ਧਾਰਮਕ ਨੂੰ ਖਤਰੇ ਦੇ ਨਾਂ ਨੇ ਤੇ ਭੜਕਾਉਣ, ਲੜਾਉਣ ਤੇ ਕਤਲ ਕਰਵਾਉਣ ਦਾ ਸੁਆਲ ਹੈ—ਅੱਜ ਵੀ ਹਾਕਮ ਜਮਾਤਾਂ ਤੇ ਧਰਮ ਦੇ ਸਰਪ੍ਰਸਤਾਂ ਦੇ ਦਾਅਪੇਚ ਤੇ ਕਲਾਬਾਜ਼ੀਆਂ ਓਹੀ ਹਨ —ਤਕਨੀਕੀ ਤੇ ਵਿਗਿਆਨਕ ਵਿਕਾਸ ਦੇ ਨਾਲ ਨਾਲ ਉਨ੍ਹਾਂ ਦੇ ਕੰਮ ਢੰਗ ਵਿਚ ਭਾਵੇਂ ਕੁਝ ਫ਼ਰਕ ਜ਼ਰੂਰ ਆ ਗਿਆ ਹੈ। ਸਾਨੂੰ ਇਸ ਗੰਭੀਰ ਸੱਚ ਬਾਰੇ ਜ਼ਰੂਰ ਖਬਰਦਾਰ ਰਹਿਣਾ ਹੈ ਕਿ ਸੱਤਾਧਾਰੀ ਲੋਕਾਂ ਤੇ ਸਾਮਰਾਜੀ ਤਾਕਤਾਂ ਚਾਹੀਦਾ (Super power) ਵਲੋਂ ਆਪਣੇ ਸੁਆਰਥ ਤੇ ਚੌਧਰ ਲਈ ਜਿਹੜੀ ਸ਼ਤਰੰਜ ਦੀ ਖੇਡ ਅੱਜ ਖੇਡੀ ਜਾ ਰਹੀ ਹੈ ਅਤੇ ਇਹਦੇ ਸਿੱਟੇ ਵਜੋਂ ਜਿਹੜਾ ਵਾਯੂਮੰਡਲ ਪੈਦਾ ਹੋ ਰਿਹਾ ਹੈ ਉਹ ਮਨੁੱਖ ਨੂੰ ਸਭਿਅਕ ਬਨਾਉਣ ਲਈ ਨਹੀਂ ਸਗੋਂ ਉਸ ਨੂੰ ਇਕ ਖਤਰਨਾਕ ਵਹਿਸ਼ੀ ਜੀਵਨ ਬਨਾਉਣ ਲਈ ਹੈ ਸੋ ਇਹੋ ਜਿਹੀਆਂ ਮਨੁਖ-ਦੋਖੀ ਪ੍ਰਸਥਿਤੀਆਂ ਤੋਂ ਇਕ ਮਨੁਖਤਾਵਾਦੀ ਚਿੰਤਨ/ਲੇਖਕ ਨਿਰਲੇਪ ਨਹੀਂ ਰਹਿ ਸਕਦਾ—ਉਸਨੂੰ ਇਸ ਕਰਤੱਵ ਦੀ ਪਹਿਚਾਣ ਹੋ ਰਹੀ ਹੈ ਕਿ ਉਹ ਮਨੁੱਖ ਨੂੰ ਉਹਦੇ ਮੂਲ ਸਮਾਜਕ ਰੂਪ ਵਿਚ ਪੇਸ਼ ਕਰੇ ਅਤੇ ਉਹਨੂੰ ਉਸ ਅਮਾਨਵੀਕਰਣ ਤੋਂ ਬਚਾਏ ਜਿਹੜਾ ਅੱਜ ਦਾ ਪੂੰਜੀ-ਪ੍ਰਧਾਨ ਖਪਤਵਾਦੀ ਸਭਿਆਚਾਰ ਉਸ ਉਤੇ ਠੋਸ ਰਿਹਾ ਹੈ। ਇਹੋ ਜਿਹੀਆਂ ਹਾਲਤਾਂ ਵਿਚ ਉਹਨੂੰ ਆਪਣੇ ਤੁਅੱਸਬ ਤੇ ਸੌੜੇ ਹਿੱਤਾਂ ਨੂੰ ਭੁਲਾਕੇ ਮਨੁੱਖ ਦੇ ਆਸਵੰਦ ਭਵਿਖ ਅਤੇ ਵਰਤਮਾਨ ਨੂੰ ਸੁਖਾਵਾਂ ਬਨਾਉਣ ਲਈ ਆਪਣੀ ਕਲਮ ਦੀ ਸੁਯੋਗ ਤੇ ਸੁਚੇਤ ਵਰਤੋਂ ਕਰਨ ਦੀ ਲੋੜ ਹੈ।

ਪਿਛਲੇ 7-8 ਸਾਲਾਂ ਤੋਂ ਪੰਜਾਬੀ ਕਹਾਣੀਕਾਰਾਂ ਦੀ ਸੋਚ ਅਤੇ ਧਿਆਨ ਪੰਜਾਬ ਦੀ 'ਸੰਪਰਦਾਇਕਤਾ' ਨੇ ਮੱਲਿਆ ਹੋਇਆ ਹੈ। ਪੰਜਾਬ ਸਮੱਸਿਆ ਦੇ ਦੋ ਪੱਖ ਸਾਡੇ ਸਾਹਮਣੇ ਹਨ—ਸੰਪਰਦਾਇਕ ਦਹਿਸ਼ਤ ਤੇ ਹਕੂਮਤੀ ਜਬਰ। ਪੰਜਾਬ ਦੇ ਦੁਖਾਂਤ ਨੇ ਇਨ੍ਹਾਂ ਦੋਨਾਂ ਪੁੜਾਂ ਦੇ ਵਿਚਕਾਰ ਪੰਜਾਬ ਦੀ ਸਾਧਾਰਣ ਜੰਤਾ ਨਿਰੰਤਰ ਡਰ, ਦਹਿਸ਼ਤ, ਦੁਖ ਤੇ ਕਲੇਸ਼ ਹੰਢਾ ਰਹੀ ਹੈ। ਅਸੁਰ-ਖਿਅਤਾ ਤੇ ਅਨਿਸ਼ਚਿਤਤਾ ਜਿਵੇਂ ਉਹਦੀ ਹੋਣੀ ਦਾ ਅਨਿੱਖੜਵਾਂ ਅੰਗ ਬਣਕੇ ਰਹਿ ਗਏ ਹੋਣ। ਸੋ ਇਹ ਸੁਭਾਵਕ ਹੀ ਸੀ ਕਿ ਪੰਜਾਬ ਦੇ ਪੰਜਾਬੀ ਕਹਾਣੀਕਾਰਾਂ ਦੀ ਸਿਰਜਣਾਤਮਕ ਪ੍ਰਕਿਰਿਆ ਇਸੇ ਦੁਖਾਂਤ ਦੁਆਲੇ ਸਿਮਟਕੇ ਰਹਿ ਜਾਂਦੀ। ਪਰੰਤੂ ਇਹ ਵੀ ਸੱਚ ਹੈ ਕਿ ਕੋਈ ਵੀ ਪ੍ਰਗਤੀਵਾਦੀ ਲੇਖਕ ਸਿਰਫ ਆਪਣੇ ਸਮੇਂ ਦੇ ਸਮਾਜਕ ਵਰਤਾਰੇ ਦਾ ਹੀ ਲੇਖਕ ਨਹੀਂ ਹੁੰਦਾ; ਉਹਦਾ ਸਰੋਕਾਰ ਸਮਾਜ ਦੇ ਭਵਿਖ ਨਾਲ ਵੀ ਉੱਨਾ ਹੀ ਹੁੰਦਾ ਹੈ। ਸੁਭਾਗ ਵੱਸ ਪੰਜਾਬੀ ਦੇ ਵਧੇਰੇ ਲੇਖਕਾਂ ਦਾ ਦ੍ਰਿਸ਼ਟੀਕੋਣ ਪ੍ਰਗਤੀਵਾਦੀ ਹੈ ਅਤੇ ਉਨ੍ਹਾਂ ਨੇ ਅਜੇਹੀਆਂ ਵਿਰੋਧੀ ਨਕਾਰਾਤਮਕ ਪ੍ਰਸਥਿਤੀਆਂ ਅੰਦਰ ਵੀ ਸਾਧਾਰਣ ਮਨੁੱਖ ਦੇ ਹਿੱਤਾਂ ਦਾ ਨਹੀਂ ਛੱਡਿਆ। ਪੰਜਾਬੀ ਦੇ ਪ੍ਰਤੀਭਾਵਾਨ ਕਹਾਣੀਕਾਰ ਮਿਤਰਸੈਨ ਮੀਤ ਨੇ ਵੀ ਆਪਣੇ ਨਵੇਂ ਕਹਾਣੀ ਸੰਗ੍ਰਹਿ 'ਲਾਮ' ਵਿਚ ਪੰਜਾਬ ਦੀਆਂ ਮੌਜੂਦਾ ਪ੍ਰਸਥਿਤੀਆਂ ਨੂੰ ਜਿਥੇ ਬੌਧਿਕ ਤੇ ਸਮਾਜਕ ਪੱਧਰ ਤੇ ਘੋਖਿਆ ਵਿਚਾਰਿਆ, ਤੇ ਪਹਿਚਾਣਿਆ ਹੈ ਉਥੇ ਆਪਣੀਆਂ ਕਹਾਣੀਆਂ ਦੇ ਮਾਧਿਅਮ ਰਾਹੀਂ ਇਨ੍ਹਾਂ ਪ੍ਰਸਥਿਤੀਆਂ ਨੂੰ ਮਨੁੱਖੀ ਰਿਸ਼ਤਿਆਂ ਦੀ ਬਿਹਤਰੀ ਅਤੇ ਸਮਾਜਵਾਦੀ ਭਵਿੱਖ ਦੇ ਹੱਕ ਵਿਚ ਯਥਾਯੋਗ ਨਕਾਰਨ ਤੇ ਭਗਤਾਉਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ। ਇਵੇਂ ਆਪਣੀਆਂ ਇਨ੍ਹਾਂ ਨਵੀਸ ਕਹਾਣੀਆਂ ਵਿਚ ਉਸਨੇ ਸਮਾਜ ਦੇ ਮੌਜੂਦਾ ਆਰਥਕ-ਸਭਿਆਚਾਰਕ ਤਾਣੇ ਬਾਣੇ ਨੂੰ ਜਮਾਤੀ ਦ੍ਰਿਸ਼ਟੀਕੋਣ ਤੋਂ ਆਪਣੇ ਕਲਾਵੇ ਵਿਚ ਲਿਆ ਹੈ।

ਹਥਲੇ ਕਹਾਣੀ ਸੰਗ੍ਰਹਿ ਤੋਂ ਪਹਿਲਾਂ ਮਿਤਰਸੈਨ ਮੀਤ ਦੇ ਦੋ ਨਾਵਲ ਅਤੇ ਇਕ ਕਹਾਣੀ ਸੰਗ੍ਰਹਿ ਛਪ ਚੁਕੇ ਹਨ। ਉਹਦੇ ਪਹਿਲੇ ਕਹਾਣੀ ਸੰਗ੍ਰਹਿ 'ਪੁਨਰਵਾਸ' ਦੇ ਮੁਕਾਬਲੇ ਵਿਚ ਉਹਦੇ ਇਸ ਕਹਾਣੀ ਸੰਗ੍ਰਹਿ ਵਿਚ ਵਧੇਰੇ ਸੰਜੀਦਗੀ, ਪੁਖਤਗੀ ਤੇ ਗਹਿਰਾਈ ਆਈ ਹੈ। ਹੈ। ਇਸ ਸੰਗ੍ਰਹਿ ਵਿਚ ਉਹ ਕਹਾਣੀ ਦੇ ਨਿਪੁੰਨ ਸ਼ਿਲਪ-ਕਾਰ ਵਜੋਂ ਸਾਡੇ ਸਾਹਮਣੇ ਆਉਂਦਾ ਹੈ। ਇਥੇ ਉਹਨੇ ਆਪਣੀਆਂ ਕਹਾਣੀਆਂ ਨੂੰ ਕਿਤੇ ਵੀ ਬੇਲੋੜਾ ਵਿਸਥਾਰ ਨਹੀਂ ਦਿੱਤਾ। ਕਹਾਣੀਆਂ ਦੇ ਵੇਰਵੇ ਤੇ ਘਟਨਾਵਾਂ ਕਹਾਣੀ ਦੇ ਵਿਸ਼ੇ ਦਾ ਇਕ ਅਨਿਖੜਵਾਂ ਅੰਗਾਂ ਬਣਕੇ ਤੁਰਦੇ ਹਨ। ਇਵੇਂ ਸੰਖੇਪਤਾ ਤੇ ਸਪਸ਼ਟਤਾ ਉਹਦੀਆਂ ਕਹਾਣੀਆਂ ਦੇ ਹੋਰ ਵਧੀਆ ਗੁਣ ਹਨ। ਇਕ ਦੋ ਕਹਾਣੀਆਂ ਨੂੰ ਛੱਡਕੇ ਪਾਠਕ ਨੂੰ ਬੇਲੋੜੇ ਤੇ ਵਾਧੂ ਵੇਰਵਿਆਂ ਵਿਚ ਉਲਝਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਉਹਦੇ ਇਸ ਸੰਗ੍ਰਹਿ ਦੀਆਂ ਲਗ ਭਗ ਸਾਰੀਆਂ ਕਹਾਣੀਆਂ ਪਿਛਲੇ ਦੋ ਸਾਲਾਂ ਵਿਚ ਸਮੇਂ ਸਮੇਂ ਪੰਜਾਬੀ ਦੀਆ ਸਾਹਿਤਕ ਪੱਤਰਕਾਵਾਂ ਅਤੇ ਰੋਜ਼ਾਨਾ ਅਖਬਾਰਾਂ ਵਿਚ ਛਪ ਚੁੱਕੀਆਂ ਹਨ। ਪਿਛਲੇ ਦੋ ਸਾਲਾਂ ਵਿਚ ਉਹ ਪੰਜਾਬੀ ਵਿਚ ਸ਼ਾਇਦ ਸਭ ਤੋਂ ਵੱਧ ਲਿਖਣ ਤੇ ਛਪਣ ਵਾਲਾ ਕਹਾਣੀਕਾਰ ਹੈ।

ਮਿਤਰਸੈਨ ਮੀਤ ਦਾ ਨਕਸਲਬਾੜੀ ਲਹਿਰ ਅਤੇ ਇਸ ਲਹਿਰ ਦੇ ਕਾਰਕੁਨਾਂ ਨਾਲ ਬਹੁਤ ਗਹਿਰਾ ਰਿਸ਼ਤਾ ਰਿਹਾ ਹੈ ਅਤੇ ਸਿਆਸੀ ਤੌਰ ਤੇ ਉਹ ਇਸ ਲਹਿਰ ਤੋਂ ਡੂੰਘੀ ਤਰ੍ਹਾਂ ਪ੍ਰਭਾਵਤ ਵੀ ਹੈ। ਉਹਦੀਆਂ ਕੁਝ ਕਹਾਣੀਆਂ ਦੇ ਨਾਇਕ ਤੇ ਪਾਤਰ ਵੀ ਖੁਦ ਨਕਸਲਬਾੜੀ ਲਹਿਰ

ਵਿਚੋਂ ਹਨ ਜਾਂ ਕਿਸੇ ਨਾ ਕਿਸੇ ਢੰਗ ਨਾਲ ਉਹ ਇਸ ਲਹਿਰ ਤੋਂ ਪ੍ਰਭਾਵਤ ਹਨ। ਨਕਸਲਬਾੜੀ ਲਹਿਰ ਨਾਲ ਸਬੰਧਤ ਲੇਖਕਾਂ ਦੀ ਇਕ ਵਿਸ਼ੇਸ਼ਤਾ ਇਹ ਸੀ ਕਿ ਉਹਨਾਂ ਨੇ ਸਾਹਿਤ ਨੂੰ ਸਾਧਾਰਣ ਆਦਮੀ ਦੇ ਹਿੱਤ ਵਿਚ ਉਭਾਰਕੇ ਪੇਸ਼ ਕੀਤਾ। ਉਹਨੇ ਆਪਣੇ ਹਥਲੇ ਕਹਾਣੀ ਸੰਗ੍ਰਹਿ ਵਿਚ ਜਮਾਤੀ ਸਮਾਜ ਦੀ ਸਿਰਫ ਓਪਰੀਆਂ ਵਿਰੋਧਤਾਈਆਂ ਦਾ ਹੀ ਨਹੀਂ ਸਗੋਂ ਮੂਲ ਵਿਰੋਧਤਾਈਆਂ ਦਾ ਵੀ ਲੇਖਾ ਜੋਖਾ ਕੀਤਾ ਹੈ। ਉਹਦੀਆਂ ਕਹਾਣੀਆਂ ਨੂੰ ਮੋਟੇ ਰੂਪ ਵਿਚ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ—ਪਹਿਲੀ ਸ਼ਰੇਣੀ ਵਿਚ ਉਹ ਕਹਾਣੀਆਂ ਆਉਂਦੀਆਂ ਹਨ ਜਿਹੜੀਆਂ ਪੰਜਾਬ ਦੀ ਮੌਜੂਦਾ ਸੰਪਰਦਾਇਕ ਲਹਿਰ ਨਾਲ ਸਬੰਧਤ ਹਨ (ਲਾਮ, ਦਹਿਸ਼ਤਗਰਦ, ਸਰਘੀ ਵੇਲੇ ਦਾ ਸੁਫ਼ਨਾ) ਅਤੇ ਦੂਸਰੀ ਸ਼ਰੇਣੀ ਵਿਚ ਉਹ ਕਹਾਣੀਆਂ ਆਉਂਦੀਆਂ ਹਨ ਜਿਹ-ੜੀਆਂ ਸਾਡੇ ਸਮਾਜ ਦੇ ਗੁੰਝਲਦਾਰ ਆਰਥਕ —ਸਮਾਦਕ ਤਾਣੇ ਬਾਣੇ ('ਵਿਰਾਸਤ', 'ਬਦਲੀ', 'ਕੌਰਵ ਸਭਾ', 'ਪਲ ਪਲ ਨਾਲ ਵਧਦਾ ਫਾਸਲਾ') ਨੂੰ ਪੇਸ਼ ਕਰਦੀਆਂ ਹਨ ਅਤੇ ਤੀਸਰੀ ਸ਼੍ਰੇਣੀ ਵਿਚ ਉਹ ਕਹਾਣੀਆਂ ਆਉਂਦੀਆਂ ਹਨ ਜੋ ਔਰਤ ਮਰਦ ਦੇ ਜਿਨਸੀ ਰਿਸ਼ਤਿਆਂ ਨਾਲ (ਅਪਰਾਧ ਤੇ ਨੀਲ ਕੰਠ) ਸਬੰਧਤ ਹਨ।

ਪੂੰਜੀ-ਪ੍ਰਧਾਨ ਅਰਧ-ਜਗੀਰੂ ਸਮਾਜ ਅੰਦਰ ਮਨੁੱਖੀ ਰਿਸ਼ਤਿਆਂ ਵਿਚ ਆਏ ਅਮਾਨਵੀਕਰਣ ਨੂੰ ਮਿਤਰਸੇਨ ਮੀਤ ਨੇ ਬਾਖੂਬ ਦਰਸਾਇਆ ਹੈ। ਉਦਾਹਰਣ ਦੇ ਤੌਰ ਤੇ ਇਸ ਸੰਗ੍ਰਹਿ ਦੀ 'ਖਾਨਾ ਪੂਰੀ' ਕਹਾਣੀ ਸਾਡੀ ਭਰਿਸ਼ਟ ਤੇ ਵਹਿਸ਼ੀ ਪੁਲੀਸ ਵਲੋਂ ਬੇਗੁਨਾਹ ਤੇ ਮਾਸੂਮ ਲੋਕਾਂ ਨਾਲ ਕੀਤੇ ਜਾ ਰਹੇ ਜਬਰ ਜ਼ੁਲਮ ਬਾਰੇ ਪਾਠਕ ਦੇ ਮਨ ਵਿਚ ਗਹਿਰੀ ਸੰਵੇਦਨਸ਼ੀਲਤਾ ਉਪਜਾਉਂਦੀ ਹੈ। ਪੂੰਜੀਵਾਦੀ ਸਮਾਜਕ ਪ੍ਰਬੰਧ ਦੇ ਅੰਗ ਵਜੋਂ ਪੁਲੀਸ ਇੰਨੀ ਵਹਿਸ਼ੀ ਤੇ ਨਿਰਦਈ ਹੋ ਚੁਕੀ ਹੈ ਕਿ ਬੇਗੁਨਾਹ ਮਿਹਨਤੀ ਲੋਕਾਂ ਦੇ ਮਾਸੂਮ ਬੱਚੇ ਵੀ ਇਹਦੀ ਦਰਿੰਦਗੀ ਤੋਂ ਬਚ ਨਹੀਂ ਸਕੇ। ਐਸ ਪੀ ਤੋਂ ਲੈ ਕੇ ਸਾਧਾਰਣ ਸਿਪਾਹੀ ਤੱਕ ਸਾਰੇ ਦਾ ਸਾਰਾ ਪੁਲੀਸ ਪ੍ਰਬੰਧ ਆਪਣੀਆਂ ਤਰੱਕੀਆਂ ਅਤੇ ਕੈਰੀਅਰ ਨੂੰ ਕਾਇਮ ਰੱਖਣ ਲਈ ਅਪਰਾਧੀਆਂ ਤੇ ਗੁੰਡਿਆਂ ਬਦਮਾਸ਼ਾਂ, ਨਾਲ ਸਿੱਝਣ ਦੀ ਬਜਾਏ ਆਪਣੇ ਦਫ਼ਤਰਾਂ ਦੀਆਂ ਫਾਈਲਾਂ ਤੇ ਕਾਗਜ਼ਾਂ ਦੀ 'ਖਾਨਾ ਪੂਰੀ' ਕਰਨ ਦੀ ਅੰਨ੍ਹੀ ਦੌੜ ਵਿਚ ਲੱਗਾ ਹੋਇਆ ਹੈ। ਇਸ ਕਹਾਣੀ ਦਾ ਮੁੱਖ ਪਾਤਰ ਹਵਾਲਦਾਰ ਬੁਧ ਸਿੰਘ ਆਪਣੇ ਉੱਚ ਅਧਿਕਾਰੀਆਂ ਦੀਆਂ ਵਧੀਕੀਆਂ ਤੋਂ ਬਹੁਤ ਦੁਖੀ ਹੈ, ਉਹ ਸ਼ਰਾਬ ਕੱਢਣ ਵਾਲਿਆਂ, ਸਮਗਲਰਾਂ, ਬਲੈਕ ਮਾਰਕੀਟੀਆਂ ਤੇ ਹੋਰ ਅਜੇਹੇ ਹੀ ਗਲਤ ਅਨਸਰਾਂ ਨੂੰ ਫੜਦਾ ਹੈ ਪਰੰਤੂ ਉਹ ਨਜਾਇਜ਼ ਪੈਸੇ ਦੇ ਜ਼ੋਰ ਕਨੂੰਨ ਦੇ ਘੇਰੇ ਵਿਚੋਂ ਨਿਕਲ ਜਾਂਦੇ ਹਨ ਅਤੇ ਉਹ ਇਹ ਸਭ ਕੁਝ ਦੇਖਕੇ ਹੈਰਾਨ ਪ੍ਰੇਸ਼ਾਨ ਹੋ ਜਾਂਦਾ ਹੈ—ਉਹ ਕੁਝ ਵੀ ਕਰਨ ਤੋਂ ਅਸਮਰਥ ਹੈ—ਉਹ ਕੁਝ ਨਹੀਂ ਕਰ ਸਕਦਾ ਪਰੰਤੂ 'ਖਾਨਾ ਪੂਰੀ' ਲਈ ਕੇਸ ਤਾਂ ਚਾਹੀਦੇ ਹੀ ਹਨ। ਉਹਦੇ ਅੰਦਰ ਮਨੁੱਖੀ ਹਮਦਰਦੀ ਤੇ ਆਪਣੇ ਰੁਜ਼ਗਾਰ ਲਈ ਸੰਘਰਸ਼ ਚਲਦਾ ਹੈ। ਇਥੇ ਕਹਾਣੀਕਾਰ ਦੀ ਪ੍ਰਾਪਤੀ ਇਸ ਗੱਲ ਵਿਚ ਹੈ ਕਿ ਉਹ ਕਿਸੇ ਵਿਅਕਤੀ ਵਿਸ਼ੇਸ਼ ਨੂੰ ਨਹੀਂ ਪ੍ਰਸਥਿਤੀਆਂ ਨੂੰ ਦੋਸ਼ੀ ਠਹਿਰਾਉਂਦਾ ਹੈ। ਲੇਖਕ ਨੇ ਕਹਾਣੀ ਦੇ ਅਖੀਰ ਵਿਚ ਬੇਗੁਨਾਹ ਬੱਚਿਆਂ ਦੇ ਰੂਬਰੂ ਹਵਾਲਦਾਰ ਬੁਧ ਸਿੰਘ ਦੀ ਮਾਨਸਕ ਸਥਿਤੀ ਬਿਆਨਣ ਲਈ ਜਿਹੜੇ ਸ਼ਬਦਾਂ ਦੀ ਵਰਤੋਂ ਕੀਤੀ ਹੈ, ਉਹ ਪਾਠਕ ਦੇ ਦਿਲ ਅੰਦਰ ਡੂੰਘੇ ਲਹਿ ਜਾਂਦੇ ਹਨ, "ਉਨ੍ਹਾਂ ਦੀਆਂ ਅੱਖਾਂ ਵਿਚ ਤਕਕੇ ਬੁੱਧ ਸਿੰਘ ਨੂੰ ਝਟਕਾ ਲੱਗਾ। ਇਕ ਦਮ ਉਹਦਾ ਸਾਰਾ ਨਸ਼ਾ ਉੱਤਰ ਗਿਆ। ਉਸਦਾ ਦਿਲ ਕੀਤਾ, ਉਹ ਪਿੰਜਰਾ ਖੋਹਲ ਦੇਵੇ ਅਤੇ ਇਨ੍ਹਾਂ ਘੁੱਗੀਆਂ ਨੂੰ ਅਸਮਾਨ ਵਿਚ ਉਡਾਰੀਆਂ ਲਾਉਣ ਦੇਵੇ।"

ਜਮਾਤੀ ਸਮਾਜਕ ਪ੍ਰਬੰਧ ਅੰਦਰ ਜਮਾਤੀ ਹਿੱਤਾਂ ਨੂੰ ਪੂਰਨ ਵਾਲੀ ਇਸ ਸੰਗ੍ਰਹਿ ਦੀ ਇਕ ਯਾਦਗਾਰੀ ਕਹਾਣੀ ਹੈ 'ਵਿਰਾਸਤ'। ਇਹ ਕਹਾਣੀ ਪੜ੍ਹਕੇ ਲੈਨਿਨ ਦਾ ਇਹ ਕਥਨ ਯਾਦ ਆਉਂਦਾ ਹੈ, "ਸਮਾਜ ਵਿਚ ਕੋਈ ਵੀ ਵਿਅਕਤੀ ਇਕ ਜਾਂ ਦੂਸਰੀ ਜਮਾਤ ਦੇ ਪੱਖ ਪੂਰੇ ਬਿਨਾਂ ਨਹੀਂ ਰਹਿ ਸਕਦਾ, ਕਿਸੇ ਇਕ ਨਾ ਇਕ ਸ਼ਰੇਣੀ ਨਾਲ ਉਹਦੀ ਜ਼ਰੂਰ ਸਾਂਝ ਹੋਵੇਗੀ, ਜਿਸਦੀ ਜਿੱਤ ਤੇ ਉਸਨੂੰ ਖੁਸ਼ੀ ਅਤੇ ਹਾਰ ਤੇ ਉਦਾਸੀ ਹੋਵੇਗੀ। ਇਸ ਕਹਾਣੀ ਵਿਚ ਦਲਿਤ ਵਰਗ ਵਿਚੋਂ ਮਿਹਨਤ ਤੇ ਸੰਘਰਸ਼ ਕਰਕੇ ਜੱਜ ਦੀ ਪਦਵੀ ਤਕ ਪੁੱਜਿਆ ਨਾਇਕ ਉਨ੍ਹਾਂ ਲੱਖਾਂ ਮਿਹਨਤੀ ਲੋਕਾਂ ਲਈ ਉਮੀਦ ਦਾ ਪ੍ਰਤੀਕ ਬਣਕੇ ਉਭਰਦਾ ਹੈ ਜਿਨ੍ਹਾਂ ਨੂੰ ਇਸ ਨਿਰਦਈ ਤੇ ਵਹਿਸ਼ੀ ਸਮਾਜ ਨੇ ਸਦੀਆਂ ਤੱਕ ਮੁੱਢਲੇ ਮਨੁੱਖੀ ਹੱਕਾਂ, ਆਜ਼ਾਦੀ ਤੇ ਬਰਾਬਰੀ ਤੋਂ ਵਾਂਝੇ ਰਖਿਆ। ਜਮਾਤੀ ਸਮਾਜਕ ਪ੍ਰਬੰਧ ਵਿਚ ਕਹਾਣੀ ਦੇ ਨਾਇਕ ਰਾਮੂ ਦੀ ਮਜਬੂਰੀ ਇਹ ਹੈ ਕਿ ਜੇ ਉਹ ਆਪਣੀ ਮਿਹਨਤੀ ਸ਼ਰੇਣੀ ਦਾ ਪੱਖ ਨਾ ਪੂਰਦਾ ਤਾਂ ਉਹਨੇ ਉਪਰਲੀ ਜਮਾਤ ਦਾ ਪੱਖ ਪੂਰਦਾ ਸੀ। ਰਾਮ ਵਰਗਾ ਆਦਰਸ਼ ਪਾਤਰ ਸਾਡੇ ਅਸਲੀ ਜੀਵਨ ਵਿਚੋਂ ਲੱਭਣਾ ਭਾਵੇਂ ਬਹੁਤ ਮੁਸ਼ਕਲ ਹੈ ਪਰੰਤੂ ਇਹ ਅਸੰਭਵ ਨਹੀਂ ਹੈ ਅਤੇ ਕਿਸੇ ਲੋਕ-ਪੱਖੀ ਲੇਖਕ ਦਾ ਮੁੱਖ ਕਰਤੱਵ ਵੀ ਸਮਾਜ ਵਿਚ ਮਨੁੱਖੀ ਬਰਾਬਰੀ ਤੇ ਇਨਸਾਫ਼ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨਾ ਹੀ 'ਚ ਹੁੰਦਾ ਹੈ।

ਪੰਜਾਬੀ ਲੇਖਕਾਂ ਨੇ ਪੰਜਾਬ ਦੇ ਦੁਖਾਂਤ ਨੂੰ ਆਪਣੇ

ਆਪਣੇ ਦ੍ਰਿਸ਼ਟੀਕੋਣ ਤੋਂ ਆਪਣੀਆਂ ਲਿਖਤਾਂ ਵਿਚ ਰੂਪਮਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਡਰ, ਸਹਿਮ ਤੇ ਦਹਿਸ਼ਤ ਭਰੇ ਜਿਸ ਵਾਤਾਵਰਣ ਵਿਚ ਲੋਕੀਂ ਸਾਹ ਲੈ ਰਹੇ ਹਨ, ਇਸ ਵਾਤਾਵਰਣ ਨੇ ਉਨ੍ਹਾਂ ਦੀ ਮਾਨਸਕ ਤੇ ਸਰੀਰਕ ਸਿਹਤ ਉਤੇ ਬੜਾ ਮਾਰੂ ਅਸਰ ਪਾਇਆ ਹੈ। ਅਜੇ 8-9 ਸਾਲ ਪਹਿਲਾਂ ਅਸੀਂ ਆਪਸ ਵਿਚ ਅੰਤਿਰਰਾਸ਼ਟਰਵਾਦ, ਸਮਾਜਵਾਦ, ਇਨਕਲਾਬ ਏ ਲੋਕ-ਮੁਕਤੀ ਦੀਆਂ ਗੱਲਾਂ ਬੜੇ ਭਰੋਸੇ ਤੇ ਮਾਣ ਨਾਲ ਕਰ ਰਹੇ ਸਾਂ, ਪਰੰਤੂ ਅਜੋਕੀਆਂ ਮਾਰੂ ਤੇ ਭਿਆਨਕ ਹਾਲਤਾਂ ਅੰਦਰ ਇਹ ਸਭ ਕੁਝ ਜਿਵੇਂ ਬਕਵਾਸ ਬਣਕੇ ਰਹਿ ਗਿਆ ਹੈ—ਇਹ ਸਭ ਕੁਝ ਦੇਖਕੇ ਸਾਨੂੰ ਕਹਿਣਾ ਪਵੇਗਾ ਕਿ ਸਮਾਜ ਹਮੇਸ਼ਾ ਅਗਾਂਹ ਨੂੰ ਹੀ ਵਿਕਾਸ ਨਹੀਂ ਕਰਦਾ, ਕਈ ਵਾਰ ਸਮਾਜ ਦਾ ਵਿਕਾਸ ਹੇਠਾਂ ਵੱਲ (downward) ਜਾਂ ਇਕ-ਪਾਸੜ ਮੋੜ ਵੀ ਕੱਟ ਜਾਂਦਾ ਹੈ ਅੰਤੇ ਪੰਜਾਬ ਨਾਲ ਵੀ ਏਹੀ ਕੁਝ ਵਾਪਰਿਆ ਹੈ। ਪੰਜਾਬ ਦੀ ਅਜੇਹੀ ਗੁੰਝਲਦਾਰ ਸਥਿਤੀਆਂ ਬਾਰੇ ਬਹੁਤ ਸਾਰੀਆਂ ਕਹਾਣੀਆਂ ਲਿਖੀਆਂ ਗਈਆਂ ਹਨ ਅਤੇ ਇਨ੍ਹਾਂ ਵਿਚੋਂ ਕੁਝ ਕਹਾਣੀਆਂ ਦਾ ਨਾਟਕੀ ਰੂਪਾਂਤਰ ਰੰਗ ਮੰਚ ਤੇ ਵੀ ਪੇਸ਼ ਕੀਤਾ ਗਿਆ ਹੈ। ਮਿਤਰਸੇਨ ਮੀਤ ਦੀ ਕਹਾਣੀ 'ਲਾਮ' ਨੂੰ ਵੀ ਇਸੇ ਲੜੀ ਵਿਚ ਰੱਖਿਆ ਜਾ ਸਕਦਾ ਹੈ। ਪੰਜਾਬ ਦੇ ਦਿਲ-ਕੰਬਾਊ ਦੁਖਾਂਤ ਦੀ ਇਹ ਪ੍ਰਤੀਨਿਧ ਕਹਾਣੀ ਆਖੀ ਜਾ ਸਕਦੀ ਹੈ। ਪੰਜਾਬ ਦੇ ਭਿਆਨਕ ਹਾਲਾਤ ਦੀ ਜਿਹੜੀ ਵਿਆਪਕ ਸਮੱਸਿਆ ਨੂੰ—ਇਸ ਕਹਾਣੀ ਵਿਚ ਹੱਥ ਪਾਇਆ ਗਿਆ ਹੈ ਉਹ ਸਚਮੁਚ ਇਕ ਪੂਰੇ ਨਾਵਲ ਦੀ ਸਮੱਸਿਆ ਹੈ, ਪਰੰਤੂ ਜਿਹੜੇ ਸੰਜਮ, ਸੰਖੇਪਤਾ ਤੇ ਸੁਹਿਰਦਤਾ ਤੇ ਸੂਖਮਤਾ ਨਾਲ ਇਸ ਸਮੱਸਿਆ ਨੂੰ ਕਹਾਣੀ ਦੀ ਕੈਨਵੈਸ ਤੇ ਸਮੇਟਿਆ ਗਿਆ ਹੈ, ਉਹ ਕਹਾਣੀਕਾਰ ਦੇ ਸ਼ਿਲਪ ਦਾ ਕਮਾਲ ਹੀ ਕਹਿਣਾ ਚਾਹੀਦਾ ਹੈ। ਇਹ ਕਹਾਣੀ ਪੰਜਾਬ ਦੀ ਸਮਕਾਲੀ ਸਿਆਸੀ-ਆਰਥਕ ਸਥਿਤੀ ਦਾ ਵਿਸ਼ਲੇਸ਼ਣ ਹੀ ਪੇਸ਼ ਨਹੀਂ ਕਰਦੀ ਸਗੋਂ ਬਦਲ ਰਹੀ ਲੋਕਾਂ ਦੀ ਉਲਾਰ ਮਾਨਸਿਕਤਾ ਦੀ ਵੀ ਵਿਆਖਿਆ ਕਰਦੀ ਹੈ। ਬਲਦੇਵ ਨੇ ਆਪਣੀ ਭੈਣ ਚੰਨੀ ਨੂੰ ਬੜੀਆਂ ਕੋਸ਼ਿਸ਼ਾਂ ਤੇ ਲੰਬੇ ਸੰਘਰਸ਼ ਤੋਂ ਬਾਅਦ ਧਾਰਮਕ ਰਹੱਸਵਾਦ ਤੇ ਮੂਲਵਾਦੀ ਪ੍ਰਵਿਰਤੀਆਂ ਦੇ ਮਜ਼ਬੂਤ ਕਿਲੇ ਤੋਂ ਮੁਕਤ ਕਰਵਾਕੇ ਵਿਗਿਆਨਿਕ ਸੋਚ ਤੇ ਸਮਾਜਵਾਦੀ ਫਲਸਫੇ ਦੇ ਰਾਹ ਤੇ ਤੋਰਿਆ ਸੀ। ਪਰੰਤੂ ਪੰਜਾਬ ਵਿਚ ਚੱਲੀ ਤੇਜ਼ ਫਿਰਕੂ ਹਨੇਰੀ ਤੇ ਸਿਆਸੀ ਗੜਬੜ ਦੇ ਸਿੱਟੇ ਵਜੋਂ ਉਹਦਾ ਪਤੀ ਸੋਤਿੰਦਰ ਕਤਲ ਹੋ ਗਿਆ ਤੇ ਉਸਨੂੰ ਸਹੁਰਿਆਂ ਦਾ ਘਰ ਛੱਡਕੇ ਆਪਣੇ ਪੇਕੇ ਘਰ ਆਪਣੀ ਮਾਂ ਕੋਲ ਰਹਿਣਾ ਪਿਆ। ਜ਼ਿੰਦਗੀ ਦਾ ਇਹ ਕਠੋਰ ਯਥਾਰਥ ਹੈ ਕਿ ਜਦੋਂ ਵਿਅਕਤੀ ਆਪਣੇ ਦੁਆਲੇ ਦੀ ਸਮਾਜਕ ਹਾਲਤਾਂ ਤੋਂ ਬੇਬਸ ਤੇ ਬੇਸਹਾਰਾ ਹੋ ਕੇ ਉਦਾਸੀਨਤਾ ਦਾ ਸ਼ਿਕਾਰ ਹੋ ਜਾਂਦਾ ਹੈ—ਏਹੀ ਉਦਾਸੀਨਤਾ ਤੇ ਨਿਰਾਸ਼ਾ ਅਖੀਰ ਵਿਚ ਧਾਰਮਕ ਰਹੱਸਵਾਦ ਵਿਚ ਵਿਸ਼ਵਾਸ ਨੂੰ ਜਨਮ ਦਿੰਦੇ ਹਨ। ਇਵੇਂ ਚੰਨੀ ਮੁੜ ਉਹਨਾਂ ਹੀ ਧਾਰਮਿਕ ਪ੍ਰਵਿਰਤੀਆਂ ਦਾ ਸ਼ਿਕਾਰ ਹੋ ਜਾਂਦੀ ਹੈ।

ਇਸ ਕਹਾਣੀ ਵਿਚ ਛੁਹੀਆਂ ਗਈਆਂ ਸਾਰੀਆਂ ਸਮੱਸਿਆਵਾਂ ਇਕ ਦੂਸਰੀ ਸਮੱਸਿਆ ਨਾਲ ਗਹਿ-ਗੱਚ ਹੋ ਕੇ ਚਲਦੀਆਂ ਹਨ। ਇਨ੍ਹਾਂ ਸਾਰੀਆਂ ਵਿਰੋਧੀ ਤੇ ਪਿਛਾਖੜੀ ਹਾਲਤਾਂ ਅੰਦਰ ਜੋ ਕੁਝ ਬਚਿਆ ਹੈ ਤਾਂ ਉਹ ਹੈ ਕਹਾਣੀ ਦੇ ਮੁਖ ਪਾਤਰ ਬਲਦੇਵ ਦਾ ਅਗਾਂਹਵਧੂ ਸ਼ਕਤੀਆਂ ਦਾ ਪ੍ਰਤੀਕ ਬਣਕੇ ਉਭਰਨਾ। ਬਲਦੇਵ ਦੀ ਜ਼ਖਮੀ ਹੋਈ ਮਾਨਸਿਕਤਾ ਵਿਸ਼ਲੇਸ਼ਣ ਕਰਦਿਆਂ ਕਹਾਣੀ-ਕਾਰ ਨੇ ਬੜੀ ਸੂਖਮਤਾ ਨਾਲ ਪੰਜਾਬ ਦੀਆਂ ਹਰ ਪਲ ਬਦਲ ਰਹੀਆਂ ਪ੍ਰਸਥਿਤੀਆਂ ਦੇ ਉਤਰਾਅ ਚੜ੍ਹਾਅ ਨੂੰ ਪੇਸ਼ ਕੀਤਾ ਹੈ। ਪੰਜਾਬ ਦੀ ਫਿਜ਼ਾ ਅੰਦਰ ਚਲ ਰਹੀਆਂ ਖੌਫਨਾਕ ਕਾਲੀਆਂ ਹਨੇਰੀਆਂ ਤੇ ਤੂਫਾਨੀ ਹਵਾਵਾਂ ਦੇ ਰੂਬਰੂ ਬਲਦੇਵ ਭਾਵੇਂ ਸਾਨੂੰ ਇਕ ਬਹੁਤ ਕਮਜ਼ੋਰ ਪਾਤਰ ਲੱਗਦਾ ਹੈ ਪਰ ਉਹ ਸਾਡੇ ਸਾਰਿਆਂ ਲਈ ਆਸ ਦੀ ਕਿਰਨ ਹੈ। ਮੀਤ ਨੇ ਇਸ ਕਹਾਣੀ ਵਿਚ ਇਕ ਸੁਚੇਤ ਕਲਾਕਾਰ ਦੇ ਤੌਰ ਤੇ ਸਮਾਜ ਦੀਆਂ ਕਲਿਆਣਕਾਰੀ ਅਗਾਂਹਵਧੂ ਸ਼ਕਤੀਆਂ ਦਾ ਪੱਖ ਲਿਆ ਹੈ ਅਤੇ ਮੂਲਵਾਦੀ ਪਿਛਾਖੜੀ ਤਾਕਤਾਂ ਦਾ ਵਹਿਸ਼ੀ ਚਿਹਰਾ ਨੰਗਾ ਕੀਤਾ ਹੈ ਜਿਹੜੀਆਂ ਸਮਾਜ ਦੇ ਵਿਕਾਸ ਨੂੰ ਬੰਨ ਮਾਰੀ ਬੈਠੀਆਂ ਹਨ। ਮੀਤ ਨੇ ਵਰਿਆਮ ਸੰਧੂ ਦੀ ਬਹੁ-ਚਰਚਿਤ ਕਹਾਣੀ 'ਭੱਜੀਆਂ ਬਾਹੀਂ' ਵਾਂਗ ਖੱਬੀ ਸਿਆਸੀ ਧਿਰ ਦੀ ਹਾਰ ਜਾਂ ਬੇਬਸੀ ਨਹੀਂ ਦਿਖਾਈ ਸਗੋਂ ਇਕ ਸਫਲ ਸ਼ਿਲਪਕਾਰ ਦੇ ਤੌਰ ਤੇ ਇਸ ਧਿਰ ਦੇ ਕਮਜ਼ੋਰ ਹੋਣ ਦੇ ਬਾਵਜੂਦ ਇਹਨੂੰ ਸੰਘਰਸ਼ਸ਼ੀਲ ਦਿਖਾਇਆ ਹੈ ਅਤੇ ਇਹ ਦਰਸਾ-ਉਣ ਦੀ ਕੋਸ਼ਿਸ਼ ਕੀਤੀ ਹੈ ਕਿ ਆਪਣੀਆਂ ਸੀਮਾਵਾਂ ਦੇ ਬਾਵਜੂਦ ਇਹ ਜਿੱਤ ਵੱਲ ਵੱਧ ਰਹੀ ਹੈ ਅਤੇ ਏਹੀ ਇਸ ਕਹਾਣੀ ਦੀ ਵਿਸ਼ੇਸ਼ ਪ੍ਰਾਪਤੀ ਹੈ।

'ਅਪਰਾਧ' ਇਸ ਸੰਗ੍ਰਹਿ ਦੀ ਇਕ ਵਖਰੀ ਕਿਸਮ ਦੀ ਕਹਾਣੀ ਹੈ। ਵਿਸ਼ੇ ਅਤੇ ਪੇਸ਼ਕਾਰੀ ਦੇ ਪੱਖੋਂ ਇਹ ਕਹਾਣੀ ਉਸ ਬਜ਼ਾਰੂ ਤੇ ਬੀਮਾਰ ਸਾਹਿਤ ਨਾਲ ਮੇਲ ਖਾਂਦੀ ਹੈ ਜਿਸ ਨਾਲ ਬੂਟਾ ਸਿੰਘ ਸ਼ਾਦ, ਰਾਣੂ ਜਾਂ ਤ੍ਰਿਪਤ ਸਿੰਘ ਦਾ ਨਾਂ ਜੁੜਿਆ ਹੋਇਆ ਹੈ। ਇਹ ਕਹਾਣੀ ਇਕ ਵਿਅਕਤੀ ਦੇ ਨੈਤਿਕ ਨਿਘਾਰ ਦੀ ਤਸਵੀਰ ਪੇਸ਼ ਕਰਦੀ ਹੈ ਜੋ ਆਪਣੀ ਬਦਚਲਣ ਮਾਂ ਦੇ ਕਿਸੇ ਗੈਰ-ਮਰਦ ਨਾਲ ਜਿਨਸੀ ਸਬੰਧਾਂ ਦੇ ਕਲੇਸ਼ ਨੂੰ ਨਾ ਸਹਿੰਦਾ

ਹੋਇਆ ਉਸ ਮਤਦ ਦਾ ਕਤਲ ਕਰਕੇ ਜੇਲ੍ਹ ਵਿਚ ਕੈਦ ਭੁਗਤ ਰਿਹਾ ਹੈ। ਜੇਲ੍ਹ ਦੇ ਭ੍ਰਿਸ਼ਟੇ ਹੋਏ ਬੀਮਾਰ ਵਾਤਾਵਰਣ ਅੰਦਰ ਉਹ ਹਮ ਜਿਨਸੀ ਰੁਚੀਆਂ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਇਵੇਂ ਉਹ ਅਗਾਂਹ ਤੋਂ ਅਗਾਂਹ ਨਿਰੰਤਰ ਨੈਤਿਕ ਨਿਘਾਰ ਦੀ ਜਿਲ੍ਹਣ ਵਿਚ ਇਵੇਂ ਧਸਦਾ ਜਾ ਰਿਹਾ ਹੈ ਜਿਵੇਂ ਹੋਣੀ ਨੇ ਉਹਨੂੰ ਆਪਣੇ ਅੱਗੇ ਲਾਇਆ ਹੋਇਆ ਹੋਵੇ। ਇਹ ਦਰੁਸਤ ਹੈ ਕਿ ਸਾਡੇ ਅਰਧ ਜਗੀਰੂ ਬ੍ਰਾਹਮਣਵਾਦੀ ਸਮਾਜ ਅੰਦਰ ਨੈਤਿਕ ਕਦਰਾਂ ਕੀਮਤਾਂ ਦਾ ਬਹੁਤ ਬੁਰੀ ਤਰ੍ਹਾਂ ਨਿਘਾਰ ਹੋਇਆ ਹੈ—ਪਰ ਲੇਖਕ ਨੂੰ ਇਸ ਨਿਘਾਰ ਨੂੰ ਜਿਓਂ ਦਾ ਤਿਓਂ ਪੇਸ਼ ਕਰਨ ਤਕ ਮਹਿਦੂਦ ਰਹਿਣ ਦੀ ਬਜਾਏ ਇਨ੍ਹਾਂ ਕਦਰਾਂ ਕੀਮਤਾਂ ਦੇ ਪੁਨਰ-ਉਥਾਨ ਦੀ ਸੰਭਾਵਨਾ ਨੂੰ ਵੀ ਜ਼ਰੂਰ ਉਜਾਗਰ ਕਰਨਾ ਚਾਹੀਦਾ ਸੀ। ਇਵੇਂ 'ਸਟਾਰ' ਕਹਾਣੀ ਵੀ ਸਾਡੇ ਪੂੰਜੀ ਪ੍ਰਧਾਨ ਅਰਧ ਜਗੀਰੂ ਸਮਾਜ ਹਥੋਂ ਮਾਤ ਖਾ ਰਹੀਆਂ ਮਨੁੱਖੀ ਕਦਰਾ ਕੀਮਤ੍ਹਾਂ ਦੀ ਤਸਵੀਰਕਸ਼ੀ ਕਰਦੀ ਹੈ। ਮਨੁੱਖੀ ਕਦਰਾਂ ਇਥੋਂ ਤੱਕ ਗਿਰ ਗਈਆਂ ਹਨ ਕਿ ਪੁਤਰ (ਪ੍ਰੀਤਮ) ਇਕ ਲੱਖ ਰੁਪਏ ਤੇ ਪੁਲਸ ਅਫਸਰ ਦੀ ਨੌਕਰੀ ਪ੍ਰਾਪਤ ਕਰਨ ਲਈ ਆਪਣੇ ਪਿਓ ਦਾ ਕਤਲ ਕਰ ਦਿੰਦਾ ਹੈ—ਪਰੰਤੂ ਫੇਰ ਵੀ ਉਹ ਇਹ ਸਭ ਕੁਝ ਪ੍ਰਾਪਤ ਕਰਨ ਵਿਚ ਅਸਮਰਥ ਰਹਿੰਦਾ ਹੈ ਕਿਉਂਕਿ ਉਹ ਇਹ ਸਾਬਤ ਕਰਨ ਵਿਚ ਅਸਮਰਥ ਰਹਿੰਦਾ ਹੈ ਕਿਉਂਕਿ ਉਹ ਇਹ ਸਾਬਤ ਕਰਨ ਵਿਚ ਸਫਲ ਨਹੀਂ ਹੋ ਸਕਿਆ ਕਿ ਇਹ ਕਤਲ ਸਚਮੁਚ ਹੀ ਅਤਿਵਾਦੀਆਂ ਹੱਥੋਂ ਹੋਇਆ ਹੈ। ਇਵੇਂ ਇਹ ਕਹਾਣੀ ਸਾਡੇ ਮੌਜੂਦਾ ਸਮਾਜ ਦੇ ਬਹੁਤ ਤਿੱਖਾ ਵਿਅੰਗ ਕਰਦੀ ਹੈ।

ਇਸ ਕਹਾਣੀ ਸੰਗ੍ਰਹਿ ਇਚ ਸ਼ਹਿਰੀ ਨਿਮਨ ਮਧ ਵਰਗ ਦੀ ਆਰਥਕ ਮੰਦਹਾਲੀ ਤੇ ਸੰਘਰਸ਼ ਨੂੰ ਪੇਸ਼ ਕਰਨ ਵਾਲੀ ਕਹਾਣੀ ਹੈ 'ਬਜਲੀ'। ਇਸ ਕਹਾਣੀ ਵਿਚ ਨਿਮਨ ਮਧ ਵਰਗੀ ਪਰਿਵਾਰ ਦਾ ਮਾਲਕ ਸੁਦਰਸ਼ਨ ਸ਼ਹਿਰ ਵਿਚ ਕਿਰਾਏ ਤੇ ਲਏ ਹੋਏ ਇਕ ਨਿੱਕੇ ਜਿਹੇ ਮਕਾਨ ਵਿਚ ਆਪਣਾ ਗੁਜ਼ਾਰਾ ਕਰ ਰਿਹਾ ਹੈ—ਆਪਣੇ ਗੁਆਂਢ ਵਿਚ ਆਪਣੀ ਰਹਾਇਸ਼ਗਾਹ ਦੇ ਸਾਹਮਣੇ ਬਣੇ ਨਵੇਂ ਮਕਾਨ ਨੂੰ ਦੇਖਕੇ ਉਹਦੇ ਮਨ ਵਿਚ ਵੀ ਇਕ ਹੂਕ ਉਠਦੀ ਹੈ ਕਿ ਕਾਸ਼! ਉਹਦਾ ਆਪਣਾ ਵੀ ਕੋਈ ਮਕਾਨ ਹੋਵੇ ਜਿਸਨੂੰ ਉਹ ਆਪਣਾ ਮਕਾਨ ਕਹਿ ਸਕੇ। ਆਪਣੀ ਸੀਮਤ ਤਨਖਾਹ ਅਤੇ ਸੌੜੇ ਸਾਧਨਾਂ ਕਰਕੇ ਉਹਨੂੰ ਇਹ ਇੱਛਾ ਸਿਰੇ ਚੜ੍ਹਦੀ ਨਜ਼ਰ ਨਹੀਂ ਆਉਂਦੀ। ਇਨ੍ਹਾਂ ਸਾਰੀਆਂ ਮੁਸੀਬਤ ਦੇ ਬਾਵਜੂਦ ਕਹਾਣੀ ਦਾ ਮੁੱਖ ਪਾਤਰ ਸੁਦਰਸ਼ਕ ਕੁਝ ਸਰਕਾਰੀ ਕਰਜ਼ਾ ਤੇ ਕੁਝ ਆਲੇ ਦੁਆਲਿਓਂ ਪੈਸੇ ਇਕੱਠੇ ਕਰਕੇ ਮਕਾਨ ਤਾਂ ਉਧਾਰ ਲੈਂਦਾ ਹੈ ਪਰੰਤੂ ਕਰਜ਼ਾ ਵਾਪਸ ਨਾ ਕਰ ਸਕਣ ਦੀ ਸੂਰਤ ਵਿਚ ਉਹਨੂੰ ਇਸ ਮਕਾਨ ਵਿਚ ਰਹਿਣਾ ਨਸੀਬ ਨਹੀਂ ਹੁੰਦਾ। ਅਜੋਕੇ ਸਮਾਜਕ ਪ੍ਰਬੰਧ ਅੰਦਰ ਪੂੰਜੀਪਤੀ ਲੋਕ ਕਿਵੇਂ ਸੁਆਰਥੀ, ਸੰਕੀਰਣ, ਨਿਰਦਈ ਤੇ ਮੱਕਾਰ ਹੋ ਚੁਕੇ ਹਨ, ਸਮਾਜਕ ਯਥਾਰਥ ਦਾ ਇਹ ਪਖ ਵੀ ਇਸ ਕਹਾਣੀ ਵਿਚ ਵਧੀਆ ਢੰਗ ਨਾਲ ਦਰਸਾਇਆ ਗਿਆ ਹੈ।

ਕੁਝ ਮਿਲਾਕੇ ਮਿਤਰਸੇਨ ਮੀਤ ਦਾ ਇਹ ਕਹਾਣੀ ਸੰਗ੍ਰਹਿ ਸਮਕਾਲੀ ਪ੍ਰਸਥਿਤੀਆਂ ਦਾ ਸਮਾਜਵਾਦੀ ਯਥਾਰਥ ਪੇਸ਼ ਕਰਨ ਵਿਚ ਸਫਲ ਹਨ ਅਤੇ ਪਾਠਕ ਦੇ ਅਗੇ ਇਹ ਕਹਾਣੀਆਂ ਭਵਿਖ ਦਾ ਸੁਪਨਾ ਰਖਦੀਆਂ ਹਨ। ਇਹ ਕਹਾਣੀਆ ਪਾਠਕ ਨੂੰ ਡੂੰਘਾ ਅਹਿਸਾਸ ਕਰਵਾਉਂਦੀਆਂ ਹਨ ਕਿ ਮੁਕਤੀ, ਲੋਕਾਂ ਦੇ ਕਲਿਆਣ ਦਾ ਰਾਹ ਸਮਾਜ-ਵਾਦੀ ਸਮਾਜ ਦੀ ਸਿਰਜਣਾ ਵਿਚ ਹੀ ਹੈ। ਮੈਨੂੰ ਪੂਰੀ ਉਮੀਦ ਹੈ ਇਨ੍ਹਾਂ ਕਹਾਣੀਆਂ ਨੂੰ ਪੰਜਾਬੀ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ।/ਗੁਰਬਖਸ਼ ਜੱਸ

o

---

## ਦੋ ਮਿਲੀ ਡਰਾਮੇ

### ਉਹ ਨੱਸ ਰਹੇ ਹਨ

(They are on the run)

ਰੇਅ : ਅਤਿਵਾਦੀ ਨੱਸ ਰਹੇ ਹਨ।

ਰੀਬੇਰੋ : ਅਤਿਵਾਦੀ ਤੇਜ਼ੀ ਨਾਲ ਨੱਸ ਰਹੇ ਹਨ।

ਗਿੱਲ : ਅਤਿਵਾਦੀ ਸਿਰ ਤੇ ਪੈਰ ਰੱਖ ਕੇ ਨੱਸ ਰਹੇ ਹਨ।

ਅਦਨਾ ਆਦਮੀ : ਪਰ ਜਨਾਬ ਉਹ ਤਾਂ ਤੁਹਾਡੇ ਸਿਰ ਤੇ ਖੜੇ ਹਨ।

### ਪਿੱਠ ਕੰਧ ਨਾਲ ਲੱਗ ਗਈ ਹੈ

(Back to the wall)

ਰੇਅ : ਅਤਿਵਾਦੀਆਂ ਦੀ ਪਿੱਠ ਹੁਣ ਕੰਧ ਵੱਲ ਹੈ।

ਰੀਬੇਰੋ : ਅਤਿਵਾਦੀਆਂ ਦੀ ਪਿੱਠ ਕੰਧ ਨਾਲ ਲੱਗ ਗਈ ਹੈ।

ਗਿੱਲ : ਅਤਿਵਾਦੀਆਂ ਦੀ ਪਿੱਠ ਕੰਧ ਨਾਲ ਚਿੱਪਕ ਗਈ ਹੈ।

ਅਦਨਾ ਆਦਮੀ : ਪਰ ਜਨਾਬ, ਉਹ ਪੰਜਾਬ ਵਿਚ ਜਿਥੇ ਚਾਹੁਣ ਆਪਣੀ ਕਾਰਵਾਈ ਕਰ ਸਕਦੇ ਹਨ। ਸਰਹਿੰਦ ਹੋਵੇ, ਚੰਡੀਗੜ੍ਹ ਹੋਵੇ, ਦਿੱਲੀ ਹੋਵੇ। ਉਹ ਚਿੱਪਕੇ ਨਹੀਂ ਹਨ।

Regd. with the Register News Papers Vide No. MA/12397-D Dated 18.4.80
Post Office No. P/AR—133

ਇੱਕ ਵਿਅੰਗ :

## ਲਾਟ ਸਾਹਬ ਜੋ ਚਾਹੇਗਾ/ਨਿਰੂਪਮਾ ਦੱਤ

ਕੇ.ਪੀ.ਐਸ. ਗਿੱਲ ਇੰਸਪੈਕਟਰ ਜਨਰਲ ਪੁਲੀਸ ਦੀ ਸਰਕਾਰੀ ਪਾਰਟੀ ਵਿਚ ਇਕ ਔਰਤ ਅਫ਼ਸਰ ਨਾਲ ਕੀਤੀ ਕੋਝੀ ਹਰਕਤ ਦੇ ਬਾਰੇ ਪ੍ਰੈਸ ਵਿਚ ਕੋਈ ਰੀਪੋਰਟ ਨਾ ਆਵੇ, ਇਸ ਬਾਰੇ ਗਵਰਨਰ ਨੇ ਪ੍ਰੈਸ ਨੂੰ ਹਦੈਤਾਂ ਭੇਜੀਆਂ ਅਤੇ ਕਿਹਾ ਜਾਂਦਾ ਹੈ ਕਿ ਗੁਝੇ ਸ਼ਬਦਾਂ ਵਿਚ ਧਮਕੀਆਂ ਵੀ ਦਿੱਤੀਆਂ। ਨਿਰੂਪਮਾ ਦੱਤ ਜੋ ਕਿ ਆਪ ਇਕ ਪ੍ਰਸਿਧ ਪਤ੍ਰਕਾਰ ਹੈ, ਉਸ ਨੇ ਗਵਰਨਰ ਦੀ ਇਸ ਪਹੁੰਚ ਬਾਰੇ ਇਕ ਵਿਅੰਗਾਤਮਕ ਕਵਿਤਾ ਲਿਖੀ ਹੈ, ਜੋ ਸਮਤਾ ਦੇ ਪਾਠਕਾਂ ਲਈ ਹਾਜ਼ਰ ਹੈ/ਸੰਪਾਦਕ

ਛਾਈ ਘਟਾ ਘਨਘੋਰ ਏ
ਬਰਸਾਤਾਂ ਦਾ ਦੌਰ ਏ
ਬੱਦਲਾਂ ਦਾ ਇਹ ਸ਼ੋਰ ਏ
ਲਾਟ ਸਾਹਿਬ ਜੋ ਚਾਹੇਗਾ
ਉਹੀ ਅਖ਼ਬਾਰ ਵਿਚ ਜਾਏਗਾ

ਮੁਲਕ ਤੇ ਛਾਇਆ ਤੂਫ਼ਾਨ ਏ
ਵਿਦੇਸ਼ੀ ਹੱਥ ਬਈਮਾਨ ਏ.
ਰੱਖਣਾ ਸਾਨੂੰ ਧਿਆਨ ਏ
ਦੇਸ਼ ਤੇ ਸੰਕਟ ਭਾਰੀ ਏ
ਹੋ ਰਹੀ ਮਾਰਾ-ਮਾਰੀ ਏ
ਕਲਮਾਂ ਤੇ ਕਾਬੂ ਜਾਰੀ ਏ
ਬਚ ਕੋਈ ਵੀ ਨਾ ਪਾਏਗਾ

ਅੱਖਾਂ ਤੇ ਚਸ਼ਮਾ ਲਾਇਆ ਏ
ਟਾਈਪਰਾਈਟਰ ਵੀ ਚਲਾਇਆ ਏ
ਹਰਫ਼ਾਂ ਦਾ ਜਾਲ ਵਿਛਾਇਆ ਏ
ਹਰਫ਼ਾਂ ਦਾ ਜਾਲ ਵਿਛਾਇਆ ਏ
ਪਰ ਲਾਟ ਸਾਹਿਬ ਜੋ ਚਾਹੇਗਾ
ਉਹੀ ਅਖ਼ਬਾਰ ਵਿਚ ਜਾਏਗਾ।

ਖ਼ਬਰ ਸੁਹਣੀ ਬਣਾਨੀ ਏ
ਛੇੜਨੀ ਮਿੱਠੜੀ ਕੋਈ ਕਹਾਣੀ ਏ
ਮਜ਼ਬੂਰੀ ਦਾ ਨਾਮ ਰਾਜਧਾਨੀ ਏ
ਲਾਸ਼ਾਂ ਚੁਣ-ਚੁਣ ਥੱਕ ਗਏ ਹਾਂ
ਜ਼ਖ਼ਮ ਸੀ-ਸੀ ਅੱਕ ਗਏ ਹਾਂ
ਖ਼ੌਰੇ ਕੀ ਕੁਝ ਤੱਕ ਗਏ ਹਾਂ
ਹੁਣ ਮੰਜ਼ਰ ਬਦਲਿਆ ਜਾਏਗਾ।

ਇਸ ਗੱਲ ਤੇ ਸਾਨੂੰ ਮਾਣ ਏ
ਇਸ ਵਿਚ ਹੀ ਸਾਡੀ ਸ਼ਾਨ ਏ
ਸੋਚ ਸਾਡੀ ਕੁਰਬਾਨ ਏ
ਲਾਟ ਸਾਹਿਬ ਜੋ ਚਾਹੇਗਾ
ਉਹ ਅਖ਼ਬਾਰ ਵਿਚ ਜਾਏਗਾ।

ਕਾਲੀ ਗਰਜ ਨੂੰ ਉਹਨੇ ਜਿਤਾਇਆ ਏ
ਆਲਾ ਅਫ਼ਸਰ ਆਇਆ ਏ
ਇਕ ਅੱਧੀ ਨੂੰ ਹੀ ਤਾਂ ਹੱਥ ਉਹਨੇ ਪਾਇਆ ਏ
ਉਹ ਬੜੀ ਹੀ ਵੱਡੀ ਹਸਤੀ ਏ
ਨਾਲੇ ਇਹ ਮੌਜ-ਮਸਤੀ ਏ
ਜੁੜੀ ਜਿਸ ਨਾਲ ਵਤਨ-ਪ੍ਰਸਤੀ ਏ
ਗੱਲ ਕੋਈ ਵੀ ਨਾ ਦੱਸ ਪਾਏਗਾ।

ਖ਼ਬਰਾਂ ਦੀ ਸਾਨੂੰ ਥੋੜ ਨਹੀਂ
ਢੁੱਡਾ ਕੋਈ ਇਹ ਮੋੜ ਨਹੀਂ
ਇਹ ਗੱਲ ਲਿਖਣ ਦੀ ਲੋੜ ਨਹੀਂ
ਲਾਟ ਸਾਹਬ ਜੋ ਚਾਹੇਗਾ
ਉਹ ਅਖ਼ਬਾਰ ਵਿਚ ਜਾਏਗਾ।

ਸ਼ਹਿਰਾਂ ਨੂੰ ਅਸੀਂ ਤੋੜਨਾ ਏ
ਪਿੰਡਾਂ ਨੂੰ ਸੁਖਨਾ ਝੀਲ 'ਚ ਰੋੜਨਾ ਏ
ਟੁੱਟੇ ਦਿਲਾਂ ਨੂੰ ਜੋੜਨਾ ਏ
ਫੁੱਲਾਂ ਦੀ ਲਿਖਾਂਗੇ ਅਸੀਂ ਕਹਾਣੀ
ਪੰਛੀਆਂ ਤੋਂ ਜੋ ਸੁਣੀ ਜ਼ਬਾਨੀ
ਚੰਨ-ਤਾਰਿਆਂ ਨੇ ਹੈ, ਰਾਤ ਸਜਾਣੀ
ਹਨੇਰਾ ਹੁਣ ਮੁਕ ਜਾਏਗਾ।

ਨੀਰੂ ਤਾਂ ਭੋਲੀ-ਭਾਲੀ ਏ,
ਮਨ ਦੀ ਗੋਰੀ ਤਨ ਦੀ ਕਾਲੀ ਏ
ਸ਼ਬਦਾਂ ਦੀ ਕਰਦੀ ਹੁਣ ਰਖਵਾਲੀ ਏ
ਲਾਟ ਸਾਹਿਬ ਜੋ ਚਾਹੇਗਾ
ਉਹ ਅਖ਼ਬਾਰ ਵਿਚ ਜਾਏਗਾ

ਦਫ਼ਤਰ ਤਾਂ ਕੁਝ ਵੀਰਾਨ ਏ
ਖਬਰ ਲਿਖਣਾ ਨਹੀਂ ਆਸਾਨ ਏ।
ਭੂਸ਼ਨ ਤੋਂ ਮੰਗਿਆ ਅਚ ਵਰਦਾਨ ਏ
ਬਾਤਾਂ ਵਿਚ ਤੂੰ ਬਾਤ ਪਾ
ਟੇਬਲਾਂ ਤੇ ਘੁੱਗੀਆਂ ਵਾਹ
ਤੱਕਿਆ ਸੁਣਿਆ ਬਸ ਭੁੱਲ ਜਾ
ਆਪੇ ਸਬ ਠੀਕ ਹੋ ਜਾਏਗਾ।

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਗਿਆ ਛਪਾਈ ਚੰਨ ਪ੍ਰਿੰਟਿੰਗ ਪ੍ਰੈਸ, ਗੁਰੂ ਨਾਨਕਪੁਰਾ ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ— ਗੁਰੂ ਖਾਲਸਾ ਨਿਵਾਸ ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ–143002 ਸਾਲਾਨਾ ਚੰਦਾ—15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:
ਸਮਤਾ ਦਾ ਟੈਲੀਫੂਨ ਨੰਬਰ 64786